# ਸਮਕਾਲੀ ਪੰਜਾਬੀ ਸਾਹਿਤ ਦੇ ਨਾਰੀ ਸਰੋਕਾਰ

(ਪਾਕਿਸਤਾਨੀ ਪੰਜਾਬੀ ਨਾਟਕ ਦੇ ਸੰਦਰਭ ਵਿਚ)

***ਡਾ. ਮਨਪ੍ਰੀਤ ਕੌਰ ਵਿਰਦੀ**

ਸਾਹਿਤ ਦੀਆਂ ਸਾਰੀਆਂ ਵਿਧਾਵਾਂ ਆਪਣੀ ਸਮਰਥਾ ਅਨੁਸਾਰ ਮਨੁੱਖੀ ਜੀਵਨ ਦੀਆਂ ਵਿਭਿੰਨ ਸਥਿਤੀਆਂ ਨੂੰ ਕਲਾਤਮਕ ਢੰਗ ਨਾਲ ਪੇਸ਼ ਕਰਨ ਦੇ ਯੋਗ ਹਨ ਪਰੰਤੂ 'ਨਾਟਕ' ਸਾਹਿਤ ਦੀ ਇਕ ਅਜਿਹੀ ਵਿਧਾ ਹੈ ਜੋ ਲਿਖਤ ਪਾਠ ਹੋਣ ਨਾਲ-ਨਾਲ ਬਾਕੀ ਵਿਧਾਵਾਂ ਦੇ ਮੁਕਾਬਲਤਨ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਜ਼ਿੰਦਗੀ ਦੀਆਂ ਵਿਭਿੰਨ ਘਟਨਾਵਾਂ ਦੀ ਮੰਚ ਉਤੇ ਸਜੀਵ ਢੰਗ ਨਾਲ ਪੇਸ਼ਕਾਰੀ ਕਰਨ ਦੇ ਸਮਰੱਥ ਹੈ। ਇਸੇ ਲਈ ਇਸ ਦਾ ਦੂਹਰਾ ਚਰਿੱਤਰ ਹੈ। ਇਹ ਇਕੋ ਵੇਲੇ 'ਲਿਖਤ ਪਾਠ' ਵੀ ਹੈ ਪਰ ਆਪਣੀ ਮੰਚ ਯੋਗਤਾ ਕਾਰਨ 'ਖੇਡ ਪਾਠ' ਵੀ ਹੈ। ਇਉਂ ਇਹ ਵਿਧਾ ਅਭਿਨੈ ਦੇ ਜ਼ਰੀਏ ਕਾਰਜਾਤਮਕ ਢੰਗ ਨਾਲ ਮਨੁੱਖ ਦੇ ਅੰਦਰਲੇ ਜੀਵਨ ਨੂੰ ਬਾਹਰਲੇ ਜੀਵਨ ਨਾਲ ਕਲਾਤਮਕ ਢੰਗ ਨਾਲ ਜੋੜਨ ਵਿਚ ਵਿਸ਼ੇਸ ਭੂਮਿਕਾ ਨਿਭਾਉਂਦੀ ਹੈ। ਸਾਹਿਤ ਦੀਆਂ ਬਾਕੀ ਵਿਧਾਵਾਂ ਦੇ ਮੁਕਾਬਲੇ 'ਨਾਟਕ' ਇਸੇ ਲਈ ਆਪਣੀ ਵੱਖਰਤਾ ਤੇ ਵਿਲੱਖਣਤਾ ਸਿੱਧ ਕਰਦਾ ਹੈ। ਅਸਲ ਵਿਚ ਲਿਖਤ ਪਾਠ ਅਤੇ ਖੇਡ ਪਾਠ ਦੇ ਸੁਮੇਲ ਰਾਹੀਂ ਭਾਵ ਦੂਹਰੇ ਚਰਿੱਤਰ ਵਾਲੀ ਇਸ ਵਿਧਾ ਤੋਂ ਸ਼ਬਦਾਂ ਰਾਹੀਂ ਪੇਸ਼ਕਾਰੀ ਦੇ ਜ਼ਰੀਏ ਇਸਦਾ ਆਨੰਦ ਪ੍ਰਾਪਤ ਕਰਨਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ। ਇਸ ਲਈ ਜਦੋਂ ਵੀ ਕੋਈ ਵਿਅਕਤੀ ਜੀਵਨ-ਮੰਚ ਵਿਚ ਸਫ਼ਲਤਾ ਜਾਂ ਅਸਫ਼ਲਤਾ ਪ੍ਰਾਪਤ ਕਰਦਾ ਹੈ ਤਾਂ ਉਸਨੂੰ ਜ਼ਾਹਿਰਾ ਤੌਰ ਤੇ ਸਰੀਰਕ ਹਰਕਤਾਂ ਅਤੇ ਮੁਦਰਾਵਾਂ ਰਾਹੀਂ ਪ੍ਰਸਤੁਤ ਕਰਦਾ ਹੈ। ਮੁਢਲੇ ਸਮੇਂ ਵਿਚ ਆਦਿ ਮਾਨਵ ਬੁਨਿਆਦੀ ਜ਼ਰੂਰਤਾਂ ਦੀ ਪੂਰਤੀ ਲਈ ਸ਼ਿਕਾਰ ਕਰਦਾ ਅਤੇ ਇਸ ਦੀ ਖੁਸ਼ੀ ਉਹ ਵਿਭਿੰਨ ਸਰੀਰਕ ਮੁਦਰਾਵਾਂ ਰਾਹੀਂ ਪ੍ਰਗਟ ਕਰਦਾ ਜਿਸ ਤੋਂ ਨ੍ਰਿਤ ਅਤੇ ਨਾਟਕ ਵਰਗੀਆਂ ਕਲਾਵਾਂ ਦਾ ਜਨਮ ਹੋਇਆ। ਇਸਦੇ ਨਾਲ ਹੀ ਨਾਟਕ ਸਾਹਿਤ ਦੀ ਅਜਿਹੀ ਵਿਧਾ ਵੀ ਹੈ ਜੋ ਜ਼ਿੰਦਗੀ ਦੇ ਵਿਭਿੰਨ ਸਰੋਕਾਰਾਂ ਸੰਬੰਧੀ ਪਾਠਕ ਤੇ ਦਰਸ਼ਕ ਨੂੰ ਰੂਬਰੂ ਕਰਵਾਉਂਦੀ ਹੈ। ਇਸੇ ਸੰਦਰਭ ਵਿਚ ਹਥਲਾ ਖੋਜ ਪੱਤਰ ਪਾਕਿਸਤਾਨੀ ਪੰਜਾਬੀ ਨਾਟਕ ਵਿਚਲੇ ਨਾਰੀ ਦੇ ਸਰੋਕਾਰਾਂ ਬਾਰੇ ਗੱਲ ਕਰਦਾ ਹੈ।

ਪਾਕਿਸਤਾਨੀ ਪੰਜਾਬੀ ਨਾਟਕ ਵਿਚ ਨਾਰੀ ਦੇ ਸਰੋਕਾਰਾਂ ਬਾਰੇ ਚਰਚਾ ਕਰਨ ਤੋਂ ਪਹਿਲਾਂ ਇਹ ਸਪਸ਼ਟ ਕਰਨਾ ਜ਼ਰੂਰੀ ਬਣਦਾ ਹੈ ਕਿ ਪਾਕਿਸਤਾਨ ਦੀ ਸਥਾਪਨਾ ਦਾ ਅਧਾਰ ਇਸਲਾਮ ਰਿਹਾ ਹੈ। ਇਥੇ ਦੇਸ਼ ਦਾ ਇਸਲਾਮੀਕਰਣ ਲਈ 1977 ਵਿਚ ਜ਼ਿਆ-ਉਲ-ਹੱਕ ਨੇ ਗੱਦੀ ਸੰਭਾਲਦਿਆਂ ਹੀ ਸਖਤ ਕਦਮ ਚੁੱਕੇ। ਜਿਸ ਨਾਲ 'ਹਦੂਦੇ-ਕਾਨੂੰਨ ਤਹਿਤ ਔਰਤਾਂ ਨੂੰ ਉਨ੍ਹਾਂ ਦੇ ਮੁਢਲੇ ਮਾਨਵੀ ਅਧਿਕਾਰਾਂ ਤੋਂ ਵਾਂਝਾ ਕਰ ਦਿੱਤਾ ਗਿਆ। ਹਦੂਦ ਅਧਿਆਦੇਸ਼ ਵਿਚ ਇਹ ਸਪੱਸ਼ਟ ਲਿਖਿਆ ਹੈ ਕਿ ਬਲਾਤਕਾਰ ਦੀ ਸ਼ਿਕਾਰ ਔਰਤ ਦੇ ਗਰਭਵਤੀ ਹੋਣ ਤੇ ਉਸ ਤੇ ਵਿਭਚਾਰ ਦਾ ਦੋਸ਼ ਲਾਇਆ ਜਾਂਦਾ ਹੈ। ਲੇਕਿਨ ਜਿਸ ਮਰਦ ਦੇ ਦੁਆਰਾ ਗਰਭਧਾਰਨ ਹੁੰਦਾ ਹੈ, ਉਹ ਬਚ ਨਿਕਲਦਾ ਹੈ। ਨਜਾਇਜ਼ ਸੰਤਾਨ ਨੂੰ ਜਨਮ ਦੇਣ ਦੇ ਜੁਰਮ ਵਿਚ ਔਰਤ ਨੂੰ ਬੈਂਤ ਮਾਰ, ਜੇਲ੍ਹ, ਜੁਰਮਾਨੇ ਵਗੈਰਾ ਦੀ ਸਜ਼ਾ ਦਿੱਤੀ ਜਾਂਦੀ ਹੈ, ਲੇਕਿਨ ਕਿਸੇ ਮਰਦ ਨੂੰ ਨਜਾਇਜ਼ ਦਾ ਜਨਮਦਾਤਾ ਹੋਣ ਦੇ ਅਪਰਾਧ ਵਿਚ ਸਜ਼ਾ ਨਹੀਂ ਦਿੱਤੀ ਜਾਂਦੀ। ਇਸ ਤੋਂ ਇਲਾਵਾ ਪਾਕਿਸਤਾਨ ਦੀ ਇਸਲਾਮੀ ਮੱਤ ਦੇ ਆਦਰਸ਼ ਪਰਿਸ਼ਦ ਨੇ 1980 ਵਿਚ 'ਕਿਸਾਸ ਅਤੇ ਦਿਯਾਤ' ਕਾਨੂੰਨਾਂ ਦੀ ਸੂਚੀ ਪੇਸ਼ ਕੀਤੀ। 'ਕਿਸਾਸ' ਕਾਨੂੰਨ ਤਹਿਤ ਔਰਤ ਦੇ ਸਾਹਮਣੇ ਹੱਤਿਆ ਹੋਣ ਤੇ ਖੂਨੀ ਨੂੰ ਸਜ਼ਾ ਨਹੀਂ ਹੁੰਦੀ। ਔਰਤ ਦੀ ਗਵਾਹੀ ਨੂੰ ਗਵਾਹੀ ਨਹੀਂ ਸਮਝਿਆ ਜਾਂਦਾ।'[1] ਅਜਿਹੀਆਂ ਕਾਨੂੰਨੀ ਪਾਬੰਦੀਆਂ ਅਤੇ ਪਾਕਿਸਤਾਨੀ ਸਮਾਜਿਕ ਢਾਂਚੇ ਕਾਰਨ ਔਰਤ ਪਾਕਿਸਤਾਨ ਵਿਚ ਦੂਜੇਲੇ ਪੱਧਰ ਦੀ ਨਾਗਰਿਕਤਾ ਦੀ ਧਾਰਨੀ ਹੈ। ਇਥੋਂ ਇਹ ਤੱਥ ਉਭਰ ਕੇ ਸਾਹਮਣੇ ਆ ਰਿਹਾ ਹੈ ਕਿ ਜੇਕਰ ਪਾਕਿਸਤਾਨੀ ਪੰਜਾਬੀ ਨਾਟਕ ਅਜਿਹੇ ਸਮਾਜਿਕ ਚੌਖਟੇ ਵਿਚ ਰਚਿਆ ਜਾ ਰਿਹਾ ਹੈ ਤਾਂ ਇਹ ਸੁਭਾਵਕ ਹੈ ਕਿ ਇਸ ਨਾਟਕ ਵਿਚ ਔਰਤ ਦੀ ਸਥਿਤੀ ਦੁਜੈਲੇ ਪੱਧਰ ਦੀ ਤੇ ਪੇਤਲੀ ਹੀ ਹੋਵੇਗੀ। ਇਸੇ ਕਾਰਨ ਪਾਕਿਸਤਾਨ ਵਿਚ ਔਰਤ ਦੀ ਸਥਿਤੀ ਮੁਢ ਤੋਂ ਹੀ ਕੋਈ ਵਿਸ਼ੇਸ਼ ਦਰਜੇ ਵਾਲੀ ਨਹੀਂ ਰਹੀ। ਇਸਲਾਮ ਧਰਮ ਦਾ ਹਵਾਲਾ ਦਿੰਦਿਆਂ ਪਾਕਿਸਤਾਨ ਵਿਚ ਰੁਤਬੇ ਵਾਲੇ ਮਰਦਾਂ ਨੇ ਔਰਤ ਨੂੰ ਹਮੇਸ਼ਾ ਆਪਣੇ ਤੋਂ ਥੱਲੇ ਅਤੇ ਅਧੀਨ ਰੱਖਣ ਲਈ ਸਮਾਜਿਕ ਦਬਾਅ ਦੇ ਨਾਲ - ਨਾਲ ਧਾਰਮਿਕ ਦਬਾਅ ਵੀ ਬਣਾਈ ਰਖਿਆ ਹੈ। ਇਸ ਲਈ ਉਥੇ ਔਰਤਾਂ ਦਾ ਨਾ ਕੋਈ ਚੰਗਾ ਅਤੀਤ ਰਿਹਾ ਹੈ ਅਤੇ ਨਾ ਹੀ ਕਿਸੇ ਨੇੜਲੇ ਭਵਿੱਖ ਵਿਚ ਕੁਛ ਚੰਗਾ ਹੋਣ

ਦੀ ਆਸ ਹੈ। ਉਹ ਮਰਦਾਂ ਦੀਆਂ ਦੁਨੀਆਂ ਵਿਚ ਖਿਲਰੀਆਂ ਪਈਆਂ ਹਨ। ਮਰਦਾਂ ਨਾਲ ਔਰਤਾਂ ਸਿਰਫ ਬੱਚੇ ਜੰਮਣ, ਘਰੇਲੂ ਕੰਮਕਾਜ, ਆਰਥਿਕ ਨਿਰਭਰਤਾ ਤੇ ਸਮਾਜਿਕ ਰਿਸ਼ਤੇ ਦੀ ਦ੍ਰਿਸ਼ਟੀ ਤੋਂ ਜੁੜੀਆਂ ਹੋਈਆਂ ਹਨ। ਮੁੱਢ ਤੋਂ ਹੀ ਮਰਦ ਜਾਂ ਤਾਂ ਉਨ੍ਹਾਂ ਦੇ ਪਿਤਾ ਬਣੇ ਹਨ ਜਾਂ ਪਤੀ ਬਣੇ ਪਰੰਤੂ ਉਹ ਵੀ ਔਰਤਾਂ ਦੇ ਮਾਲਕਾਂ ਵਾਂਗ ਹੀ ਬਣੇ। ਇਸ ਤੋਂ ਪਾਕਿਸਤਾਨ ਦੇ ਮਰਦ ਵਰਗ ਦਾ 'ਬੁਰਜੂਆ' ਦ੍ਰਿਸ਼ਟੀਕੋਣ ਉਜਾਗਰ ਹੁੰਦਾ ਹੈ। ਇਸ ਲਈ ਇਥੇ ਇਹ ਤੱਥ ਵੀ ਜ਼ਿਕਰਯੋਗ ਹੈ ਕਿ ਔਰਤ, ਔਰਤ ਵਾਲੀ ਮਾਨਸਿਕਤਾ ਨੂੰ ਸਮਾਜ ਵਿਚੋਂ ਹੀ ਗ੍ਰਹਿਣ ਕਰਦੀ ਹੈ। ਇਸ ਤੱਥ ਬਾਰੇ ਸੀਮੋਨ ਦੀ ਬੋਇਆ ਆਪਣੀ ਕਿਤਾਬ The Second Sex ਦੇ ਜ਼ਰੀਏ ਕਹਿੰਦੀ ਹੈ, 'ਔਰਤ ਦਾ ਮਰਦ ਨਾਲੋਂ ਭੇਦ ਭਾਵ ਜਨਮ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਔਰਤ ਜਨਮ ਤੋਂ ਹੀ ਔਰਤ ਨਹੀਂ ਹੁੰਦੀ। ਬਲਕਿ ਵੱਡੀ ਹੋ ਕੇ ਔਰਤ ਬਣਦੀ ਹੈ।'[2] ਇਸ ਗੱਲ ਦੀ ਪ੍ਰੋੜਤਾ ਪਾਕਿਸਤਾਨੀ ਆਲੋਚਕ ਵੀ ਕਰਦੇ ਹਨ, ਜਦਿ ਕਿ ਇਹ ਸਪਸ਼ਟ ਹੈ ਕਿ 'ਵਰਤਮਾਨ ਸਮੇਂ ਵਿਚ ਔਰਤ ਬਹੁਤ ਹੀ ਪ੍ਰਗਤੀਸ਼ੀਲ ਭੂਮਿਕਾ ਨਿਭਾ ਰਹੀ ਹੈ ਪਰੰਤੂ ਫਿਰ ਵੀ ਇਕ ਲੜਕੀ ਨੂੰ ਜਨਮ ਦੇਣਾ ਪਾਪ ਹੀ ਸਮਝਿਆ ਜਾਂਦਾ ਹੈ।'[3] ਇਸ ਬਾਰੇ ਕੁਝ ਹਵਾਲੇ ਕਈ ਇਤਿਹਾਸਕ ਪੁਸਤਕਾਂ ਵਿਚੋਂ ਵੀ ਮਿਲਦੇ ਹਨ। 'ਮੁਗਲ ਸ਼ਾਸ਼ਕ ਬਾਬਰ ਦੀ ਵੀ ਪੁੱਤਰ ਪ੍ਰਾਪਤੀ ਦੀ ਤੀਬਰ ਇੱਛਾ ਸੀ। ਜਿਸ ਦਾ ਜ਼ਿਕਰ ਹਿਮਾਯੂੰ-ਨਾਮਾ ਵਿਚ ਮਿਲਦਾ ਹੈ।'[4] ਇਵੇਂ ਹੀ ਮੁਗਲ ਸ਼ਾਸਕ ਅਕਬਰ ਦਾ ਨਿੱਜੀ ਕਥਨ ਹੈ ਕਿ 'ਜੇਕਰ ਖੁਦਾ ਉਸਨੂੰ ਪੁੱਤਰ ਦੀ ਦਾਤ ਨਾਲ ਨਿਵਾਜੇਗਾ ਤਾਂ ਉਹ ਆਗਰਾ ਤੋਂ ਮਾਉਂ-ਉਦ- ਦੀਨ ਚਿਸਤੀ ਦੀ ਦਰਗਾਹ ਤਕ ਪੈਦਲ ਯਾਤਰਾ ਕਰੇਗਾ। ਜਿਸਦੀ ਦੂਰੀ 140 ਕਿਲੋਮੀਟਰ ਹੈ।'[5]

ਇਸ ਲਈ ਅਜਿਹੇ ਮਰਦ ਪ੍ਰਧਾਨ ਸਮਾਜਿਕ ਚੌਖਟੇ, ਇਸਲਾਮਿਕ ਬੰਦਸਾਂ ਅਤੇ ਕਾਨੂੰਨੀ ਵਿਵਸਥਾ ਵਿਚ ਜਿਥੇ ਮਰਦ ਨੂੰ ਹੀ ਜ਼ਿਆਦਾ ਤਵੱਜੋ ਦਿਤੀ ਜਾਂਦੀ ਹੈ ਅਤੇ ਔਰਤ ਆਪਣੇ ਹੱਕਾਂ ਲਈ ਅਵਾਜ਼ ਵੀ ਬੁਲੰਦ ਨਹੀਂ ਕਰ ਸਕਦੀ, ਇਕ ਤੋਂ ਵੱਧ ਵਿਆਹ ਕਰਨ ਦੀ ਬਜਾਏ ਮਰਦ ਦੀ ਅਧੀਨਗੀ ਅਧੀਨ ਰਹਿਣ ਲਈ ਮਜ਼ਬੂਰ ਹੈ। ਪਾਕਿਸਤਾਨੀ ਸਮਾਜ ਵਿਚ ਔਰਤ ਦੀ ਅਜਿਹੀ ਸਥਿਤੀ ਦਮਨਸ਼ੀਲ ਹੈ ਪਰੰਤੂ ਇਸ ਦੇ ਉਲਟ 'ਆਧੁਨਿਕ ਪਾਕਿਸਤਾਨੀ ਵਿਦਵਾਨ ਇਸਲਾਮ ਨੂੰ ਨਵੀਨ ਢੰਗ ਨਾਲ ਪ੍ਰਭਾਸ਼ਤ ਕਰਦੇ ਹਨ ਕਿ ਇਸਲਾਮੀਂ ਨਾਰੀਵਾਦ ਕੁਰਾਨ ਅਤੇ ਸ਼ਰੀਅਤ ਨੂੰ ਪੁਨਰ ਪ੍ਰਰੀਭਾਸ਼ਤ ਕਰਦੇ ਹੋਏ ਕਹਿੰਦੇ ਹਨ ਕਿ ਇਸਲਾਮ ਸਮਾਨਤਾ ਅਤੇ ਨਿਰਪੱਖਤਾ ਦੇ ਸਿਧਾਂਤ ਦੀ ਪੈਰਵੀ ਕਰਦਾ ਹੈ। ਕਿ ਜੇਕਰ ਮਰਦ ਬਾਹਰੀ ਕੰਮ ਕਰਦਾ ਹੈ ਤਾਂ ਔਰਤ ਉਸ ਦੇ ਬਰਾਬਰ ਘਰੇਲੂ ਕੰਮਾਂ ਕਾਰਾਂ ਦੇ ਜ਼ਰੀਏ ਘਰੇਲੂ ਜ਼ਿੰਮੇਵਾਰੀਆਂ ਨਿਭਾਉਂਦੀ ਹੈ'।[6] ਪਰੰਤੂ ਇਸ ਦੇ ਬਾਵਜੂਦ ਆਧੁਨਿਕ ਇਸਲਾਮਿਕ ਵਿਚਾਰਧਾਰਾ ਅਪਣਾਉਣ ਵਿਚ ਨਾਟਕਾਕਾਰਾਂ ਉਪਰ ਹਾਲੇ ਬਹੁਤ ਸਾਰੇ ਬੰਧਨ ਲੱਗੇ ਹੋਏ ਹਨ। ਇਸ ਸਭ ਦੇ ਬਾਵਜੂਦ ਕਈ ਅਗਾਂਹਵਧੂ ਅਤੇ ਸੰਵੇਦਨਸ਼ੀਲ ਨਾਟਕਕਾਰਾਂ ਨੇ ਆਪਣੇ ਨਾਟਕਾਂ ਵਿਚ ਔਰਤ ਦੀ ਤਰਸਯੋਗ ਹਾਲਤ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਪਰੋਕਤ ਵਿਵਰਨ ਦੇ ਅੰਤਰਗਤ ਪਾਕਿਸਤਾਨੀ ਪੰਜਾਬੀ ਨਾਟਕਕਾਰਾਂ ਦੇ ਤਕਰੀਬਨ ਹਰ ਨਾਟਕ ਵਿਚ ਕਿਤੇ ਨਾ ਕਿਤੇ ਔਰਤ ਦੀ ਤ੍ਰਾਸਦਿਕ ਸਥਿਤੀ ਭਾਵੇਂ ਉਹ ਮਾਨਸਿਕ ਪੱਧਰ ਤੇ ਹੋਵੇ ਜਾਂ ਸ਼ਰੀਰਕ ਪੱਧਰ ਤੇ ਹੋਵੇ, ਨਜਰੀਂ ਪੈ ਹੀ ਜਾਂਦੀ ਹੈ ਪਰੰਤੂ ਹਥਲੇ ਪਰਚੇ ਵਿਚ ਪਾਕਿਸਤਾਨੀ ਪੰਜਾਬੀ ਨਾਟਕ ਦੇ ਜ਼ਰੀਏ ਔਰਤ ਦੀ ਦਮਨਸ਼ੀਲ ਸਥਿਤੀ ਦੀ ਗੱਲ ਉਜਾਗਰ ਕੀਤੀ ਗਈ ਹੈ। ਜਿਵੇਂ ਕਿ ਸੱਜਾਦ ਹੈਦਰ ਪਾਕਿਸਤਾਨੀ ਪੰਜਾਬੀ ਨਾਟਕ ਦੇ ਮੋਢੀ ਨਾਟਕਕਾਰਾਂ ਵਿਚੋਂ ਇਕ ਹੈ। ਉਹ ਆਪਣੇ ਨਾਟਕ 'ਲੁੱਟਿਆ ਹਾਥੀ ਲੱਖ ਦਾ' ਵਿਚ ਇਹ ਪੇਸ਼ ਕਰਨ ਦਾ ਯਤਨ ਕਰਦਾ ਹੈ ਕਿ ਸਾਮੰਤੀ ਸਮਾਜ ਵਿਚ ਔਰਤ ਇਕ ਵਸਤੂ ਤੋਂ ਵੱਧ ਕੇ ਕੁਝ ਨਹੀਂ। ਸੱਜਾਦ ਹੈਦਰ ਦਾ ਇਹ ਨਾਟਕ ਸਾਮੰਤੀ ਸਮਾਜ ਵਿਚ ਔਰਤ ਦੀ ਦਮਨਸ਼ੀਲ ਸਥਿਤੀ ਅਤੇ ਮਾਨਸਿਕਤਾ ਦੇ ਵਿਭਿੰਨ ਪਹਿਲੂਆਂ ਨੂੰ ਉਜਾਗਰ ਕਰਦਾ ਹੈ। ਇਸ ਨਾਟਕ ਵਿਚ ਨਾਜ਼ੁਕ ਨਵਾਬ ਦੀ ਪਤਨੀ ਹੈ। ਉਸਨੂੰ ਸਾਰੇ ਐਸ਼ੋ ਆਰਾਮ ਪ੍ਰਾਪਤ ਹਨ ਪਰੰਤੂ ਉਸਦੀ ਔਰਤ ਵਜੋਂ ਆਪਣੀ ਕੋਈ ਹੋਂਦ ਨਹੀਂ। ਬਚਪਨ ਵਿਚ ਉਹ ਪਹਿਲਾਂ ਪਿਤਾ ਦੀ, ਵਿਆਹ ਤੋਂ ਬਾਅਦ ਪਤੀ ਅਤੇ ਪਤੀ ਤੋਂ ਬਾਅਦ ਆਪਣੇ ਪੁੱਤਰਾਂ ਤੇ ਨਿਰਭਰ ਹੋਣ ਲਈ ਮਜ਼ਬੂਰ ਹੈ। ਇਸਦੀ ਪੁਸ਼ਟੀ ਉਸ ਦੇ ਵਾਰਤਾਲਾਪ ਤੋਂ ਹੁੰਦੀ ਹੈ:

> 'ਮੇਰੀ ਹੈਸੀਅਤ ਇਹ ਵੇ ਪਈ ਏਡੀ ਵੱਡੀ ਰਿਆਸਤ ਵਿਚ ਮੇਰੀ ਆਪਣੀ ਕੋਈ ਸ਼ੈ ਨਹੀਂ, ਨਿੱਕੀ ਤੋਂ ਨਿੱਕੀ ਲੋੜ ਵਾਸਤੇ ਅਲੀਜਾਹ ਚਾਹੁੰਦੇ ਨੇ, ਜੇ ਮੈਂ ਉਹਨਾਂ ਅੱਗੇ ਹੱਥ ਖਿਲਾਰਾਂ।'[7]

ਪਾਕਿਸਤਾਨ ਵਿਚਲੇ ਫਿਊਡਲੀ ਸਮਾਜ ਵਿਚ ਔਰਤ ਕਿਸ ਤਰਾਂ ਦਾ ਮਾਨਸਿਕ ਦਮਨ ਹੰਢਾਉਂਦੀ ਹੈ। ਇਸ ਦੀ ਪੇਸ਼ਕਾਰੀ ਇਹ ਨਾਟਕ ਕਰਦਾ ਹੈ।

ਇੰਜ ਹੀ ਸੱਜਾਦ ਹੈਦਰ ਦੇ ਨਾਟਕ 'ਝਾਂਜਰ ਦੇ ਮਗਰ ਮਗਰ' ਵਿਚ ਔਰਤ ਦੀ ਸਥਿਤੀ ਪੇਤਲੇ ਪੱਧਰ ਦੀ ਜ਼ਾਹਿਰ ਹੋ ਰਹੀ ਹੈ ਜੋ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਵੀ ਕਿਸੇ ਹੀਲੇ ਆਪਣੇ ਪ੍ਰੇਮੀ ਦੇ ਮੂੰਹੋਂ ਹੀ ਸੁਣਨ ਵਿਚ ਆਪਣੀ ਵੱਡੀ ਪ੍ਰਪਤੀ ਸਮਝਦੀ ਹੈ। ਸ਼ੁਰੂਆਤ ਇਥੋਂ ਹੁੰਦੀ ਹੈ ਜਿਨੂ ਨਾਦਰ ਦੀ ਮੁਹੱਬਤ ਵਿਚ ਪੂਰੀ ਤਰ੍ਹਾਂ ਚੂਰ ਹੈ। ਇਸ ਕਰਕੇ ਉਹ ਘਰੋਂ ਭੱਜ ਆਉਂਦੀ ਹੈ ਅਤੇ ਨਾਦਰ ਦੂਜੇ ਪਿੰਡ ਵਿਚ ਇਕ ਜ਼ਿਮੀਂਦਾਰ ਦਾ ਮੁਨਸ਼ੀ ਬਣ ਕੇ ਰਹਿਣ ਲੱਗ ਪੈਂਦਾ ਹੈ। ਇਹਨਾਂ ਦੋਹਾਂ ਨੂੰ ਏਥੇ ਛੱਡ ਕੇ ਕਹਾਣੀ ਇਕ ਨਵਾਂ ਮੋੜ ਲੈਂਦੀ ਹੈ ਅਤੇ ਨਾਦਰ ਦਾ ਵਿਆਹ ਉਸਦੀ ਮੰਗੇਤਰ ਰੋਸ਼ੀ ਨਾਲ ਹੋ ਜਾਂਦਾ ਹੈ ਜਿਹੜੀ ਬਹੁਤ ਖੂਬਸੂਰਤ ਕੁੜੀ ਹੈ ਵਿਆਹ ਤੋਂ ਦੋ ਸਾਲ ਬਾਅਦ ਨਾਦਰ ਨੂੰ ਅਚਾਨਕ ਮਹਿਸੂਸ ਹੁੰਦਾ ਹੈ ਕਿ ਰੋਸ਼ੀ ਉਸ ਤੋਂ ਦੂਰ ਹੁੰਦੀ ਜਾ ਰਹੀ ਹੈ। ਜਦਕਿ ਰੋਸ਼ੀ ਇਕ ਘਰੇਲੂ ਕੁੜੀ ਚੰਗੀ ਪਰਵਰਿਸ਼ ਵਿਚ ਵੱਡੀ ਹੋਈ ਕੁੜੀ ਹੈ। ਜਿਹੜੀ ਚਾਹੁੰਦਿਆਂ ਹੋਇਆ ਵੀ ਮੁਹੱਬਤ ਦੀ ਗੱਲ ਨੂੰ ਮੂੰਹੋਂ ਬੋਲ ਕੇ ਦੱਸ ਨਹੀਂ ਸਕਦੀ। ਇਸ ਦੇ ਉਲਟ ਉਹ ਉਮੀਦ ਰੱਖਦੀ ਹੈ ਕਿ ਨਾਦਰ ਉਸਦੇ ਅੱਗੇ ਮੁਹੱਬਤ ਦਾ ਇਜ਼ਹਾਰ ਕਰੇ। ਇਕ ਰਾਤ ਨਾਦਰ ਦੇਰ ਨਾਲ ਘਰ ਆਉਂਦਾ ਹੈ ਤੇ ਵੇਖਦਾ ਹੈ ਕਿ ਰੋਸ਼ੀ ਕਮਰੇ ਨੂੰ ਅੰਦਰੋਂ ਕੁੰਡੀ ਲਗਾ ਕੇ ਕਿਸੇ ਮਰਦ ਨਾਲ ਗੱਲਾਂ ਕਰ ਰਹੀ ਹੈ ਕਿ ਮੇਰੇ ਮਾਹੀ ਮੈਨੂੰ ਘੁੱਟ ਕੇ ਗਲ ਨਾਲ ਲਾ ਲੈ ਮੈਂ ਤੇਰੇ ਪਿਆਰ ਦੀ ਪਿਆਸੀ ਹਾਂ। ਨਾਦਰ ਇਹ ਆਵਾਜ਼ ਸੁਣ ਕੇ ਗੁੱਸੇ ਨਾਲ ਪਾਗਲ ਹੋ ਜਾਂਦਾ ਹੈ ਤੇ ਬੂਹਾ ਖੋਲਦਾ ਹੈ ਤੇ ਵੇਖਦਾ ਹੈ ਕਿ ਅੰਦਰ ਕੋਈ ਬੰਦਾ ਨਹੀਂ ਹੈ ਇਸ ਦੇ ਬਾਵਜੂਦ ਉਹ ਰੋਸ਼ੀ ਨੂੰ ਗਲਾ ਘੁੱਟ ਕੇ ਮਾਰ ਦਿੰਦਾ ਹੈ। ਜਿਸਦੇ ਨਤੀਜੇ ਵਜੋਂ ਉਸਨੂੰ ਫਾਂਸੀ ਹੋ ਜਾਂਦੀ ਹੈ। ਇਸੇ ਪ੍ਰਕਾਰ ਸੱਜਾਦ ਹੈਦਰ ਦਾ ਨਾਟਕ 'ਦਿਲ ਦਰਿਆ' ਵਿਚ ਪਤਾ ਚਲਦਾ ਹੈ ਕਿ ਔਰਤ ਦੇ ਪ੍ਰਤੀ ਸੰਵੇਦਨਸ਼ੀਲ ਉਸ ਦਾ ਪਿਤਾ ਹੈ ਜਾਂ ਭਰਾ ਤੇ ਜੇਕਰ ਉਸ ਦਾ ਭਰਾ ਆਪਣੀ ਭੈਣ ਨਾਲ ਹੋਈ ਵਧੀਕੀ ਦਾ ਬਦਲਾ ਲੈਂਦਾ ਹੈ ਤਾਂ ਉਹ ਰੁਤਬੇ ਵਾਲੇ ਰਸੂਖਦਾਰ ਬੰਦੇ ਉਸ ਦੇ ਭਰਾ ਤੇ ਪਿਤਾ ਦਾ ਜੀਣਾ ਮੁਹਾਲ ਕਰ ਦਿੰਦੇ ਹਨ। ਨਾਟਕ ਦੀ ਸ਼ੁਰੂਆਤ ਦਿਲਾਵਰ ਅਤੇ ਰੇਲ ਡੱਬੇ ਵਿਚ ਸਫਰ ਕਰਨ ਵਾਲੇ ਇਕ ਮੁਸਾਫਿਰ ਵਿਚ ਹੋਣ ਵਾਲੀ ਗੱਲਬਾਤ ਨਾਲ ਹੁੰਦੀ ਹੈ। ਦਿਲਾਵਰ ਪੁੱਛਦਾ ਹੈ ਅਤੇ ਬਾਬਾ ਅੱਗੇ ਗੱਲ ਤੋਰੀ ਜਾਂਦਾ ਹੈ ਨਾਲ - ਨਾਲ ਗੱਡੀ ਤੁਰੀ ਜਾਂਦੀ ਹੈ ਵਿਚ - ਵਿਚ ਬਾਬਾ ਜਵਾਬ ਦੇਣ ਦੀ ਬਜਾਏ ਕਹਾਣੀ ਦਾ ਕੋਈ ਨਾ ਕੋਈ ਦ੍ਰਿਸ਼ ਦਿਲਾਵਰ ਸਾਹਮਣੇ ਲਿਆ ਖੜ੍ਹਾ ਕਰਦਾ ਹੈ। ਜਿਸ ਦੇ ਨਤੀਜੇ ਵਜੋਂ ਪਾਠਕ ਨਾਟਕ ਨੂੰ ਪੜ੍ਹਨ ਸਮੇਂ ਉਹਨਾਂ ਦੀ ਗੱਲਬਾਤ ਦੀ ਬਜਾਏ ਕਿਰਦਾਰਾਂ ਤੇ ਉਹਨਾਂ ਦੇ ਅਸਲੀ ਮੰਤਵ ਨਾਲ ਰੂ-ਬ-ਰੂ ਹੋ ਜਾਂਦਾ ਹੈ। ਬਾਬਾ ਇਕ ਦੁਖੀਆ ਬੰਦਾ ਹੈ ਜਿਸਦਾ ਪੁੱਤਰ ਸ਼ੇਰਦਿਲ ਕੱਲ ਫਾਂਸੀ ਲੱਗ ਚੁੱਕਾ ਹੈ ਜਿਸ ਦਾ ਕਾਰਨ ਇਹ ਹੈ ਸੀ ਕਿ ਬੱਕੇ ਨਾਮੀ ਬਦਮਾਸ਼ ਨੇ ਬਾਬੇ ਦੀ ਧੀ ਨਾਲ ਬਦਸਲੂਕੀ ਕਰਨ ਦੀ ਕੋਸ਼ਿਸ਼ ਕੀਤੀ ਸੀ ਨਾਕਾਮ ਹੋਣ ਕਾਰਨ ਉਸਨੂੰ ਜਾਨੋ ਹੀ ਮਾਰ ਦਿੱਤਾ ਸੀ। ਇਸ ਦੇ ਬਦਲੇ ਵਿਚ ਸ਼ੇਰਦਿਲ ਨੇ ਬੱਕੇ ਨੂੰ ਜਾਨੋਂ ਮਾਰ ਦਿੱਤਾ ਸੀ ਜਿਸ ਕਾਰਨ ਉਸਨੂੰ ਫਾਂਸੀ ਲੱਗੀ ਸੀ। ਅੱਜ ਬਾਬਾ ਦਿਲਾਵਰ ਸਾਹਮਣੇ ਆਪਣੇ ਭੂਤਕਾਲ ਦੀ ਦੁਖਭਰੀ ਕਹਾਣੀ ਬਿਆਨ ਕਰਦਾ ਹੈ ਕਿ ਇਨਸਾਫ ਦੀ ਬਜਾਏ ਕਾਨੂੰਨ ਦੇ ਨਿਆਂ ਨੂੰ ਆਪਣੇ ਪੁੱਤਰ ਪ੍ਰਤੀ ਜ਼ੁਰਮ ਮਹਿਸੂਸ ਕਰਦਾ ਹੈ। ਇਸ ਸਿਲਸਿਲੇ ਵਿਚ ਬਾਬੇ ਤੇ ਦਿਲਾਵਰ ਵਿਚਕਾਰ ਹੋਣ ਵਾਲੀ ਗੱਲਬਾਤ ਦਾ ਇਕ ਨਮੂਨਾ ਇਸ ਪ੍ਰਕਾਰ ਹੈ:

"ਦਿਲਾਵਰ: ਬਾਬਾ ਜੀ! ਸ਼ੇਰ ਦਿਲ ਨੇ ਕੋਈ ਬੰਦਾ ਮਾਰਿਆ ਸੀ ਜੋ ਉਹ ਫਾਹੇ ਲੱਗਿਆ ਏ।

ਬਾਬਾ: ਸ਼ੇਰ ਦਿਲ ਨੇ ਇਕ ਬਘਿਆੜ ਮਾਰਿਆ ਸੀ ਪਰ ਜੱਜ ਨੇ ਇਨਸਾਫ ਕੀਤਾ ਜੇ ਬਘਿਆੜ ਦੀ ਵੀ ਜਾਨ ਹੁੰਦੀ ਏ ਏਸ ਕਰਕੇ ਸ਼ੇਰ ਦਿਲ ਨੂੰ ਵੀ ਫਾਂਸੀ ਚਾੜ੍ਹ ਦਿਉ ਪਰ ਸ਼ਾਇਦ ਮੇਰੇ ਪੁੱਤਰ ਦੇ ਜੁੱਸੇ ਵਿਚ ਜਾਨ ਕੋਈ ਨਹੀਂ ਸੀ।

ਦਿਲਾਵਰ : ਕਿਉਂ?

ਬਾਬਾ: ਏਸ ਕਰਕੇ ਪਈ ਬੰਦਿਆਂ ਦੇ ਇਨਸਾਫ ਦੀ ਤਾਅਮੀਲ ਵਿਚ ਜਿਹਨੇ ਮੇਰੇ ਸ਼ੇਰ ਨੂੰ ਫਾਹੇ ਲਾਇਆ ਏ ਉਹਦਾ ਕੋਈ ਦੋਸ਼ ਨਹੀਂ ਸਮਝਿਆ ਗਿਆ ਪਰ ਖੁਦਾ ਦੇ ਇਨਸਾਫ ਦੀ ਤਾਅਮੀਲ ਵਿਚ ਮੇਰੇ ਪੁੱਤਰ ਇਕ ਬਘਿਆੜ ਮਾਰਿਆ ਤੇ ਉਹ ਫਾਹੇ ਲੱਗ ਗਿਆ।

ਦਿਲਾਵਰ: ਤੁਸੀਂ ਫਾਂਸੀ ਦੇਣ ਵਾਲੇ ਦੀ ਗੱਲ ਤੇ ਨਹੀਂ ਕਰਦੇ?

ਬਾਬਾ: ਹਾਂ ਮੈਂ ਓਸੇ ਅੰਦਰੋਂ ਖਾਲੀ ਮਸ਼ੀਨ ਦੀ ਗੱਲ ਕਰਨਾਂ ਜਿਹੜਾ ਬੰਦਾ ਮਾਰ ਕੇ ਸੁੱਖ ਦੀ ਨੀਂਦ ਸੌਂਦਾ ਏ ਤੇ ਰੱਜ ਕੇ ਰੋਟੀ ਖਾਂਦਾ ਏ। ਉਹਨੂੰ ਕਿਸੇ ਜਵਾਨੀਆਂ ਮਿਰਗ ਦੀ ਹਾਅ ਨਹੀਂ ਲੱਗਦੀ ਉਹਦੇ ਉੱਤੇ ਕਿਸੇ ਬੇ ਗੁਨਾਹ ਦੀ ਰੂਹ ਦਾ ਪਰਛਾਵਾਂ ਨਹੀਂ ਪੈਂਦਾ।'[8]

ਸੱਜਾਦ ਹੈਦਰ ਦੇ ਨਾਟਕ 'ਦਿਲਾਂ ਦੇ ਰੋਗੀ' ਵੀ ਦਿਲ ਦਰਿਆ ਨਾਟਕ ਦੀ ਤ੍ਰਾਸਦਿਕ ਸਥਿਤੀ ਦੀ ਪੈਰਵੀ ਕਰਦਾ ਨਜ਼ਰ ਆਉਂਦਾ ਹੈ। ਨਾਟਕ ਦੀ ਸ਼ੁਰੂਆਤ ਵੀ ਇਸੇ ਪ੍ਰਕਾਰ ਦੇ ਹਾਦਸੇ ਤੋਂ ਹੁੰਦੀ ਹੈ। ਇਲਾਕੇ ਦਾ ਇਕ ਬਦਮਾਸ਼ ਜ਼ਬਰਦਸਤੀ ਰਾਜ ਦੀ ਇੱਜ਼ਤ ਲੁੱਟ ਲੈਂਦਾ ਹੈ ਜਿਸ ਦੇ ਨਤੀਜੇ ਵਜੋਂ ਰਾਜ ਪਾਗਲ ਹੋ ਜਾਂਦੀ ਹੈ ਅਤੇ ਉਸ ਨੂੰ ਹਸਪਤਾਲ ਪਹੁੰਚਾ ਦਿੱਤਾ ਜਾਂਦਾ ਹੈ। ਦੂਜੇ ਪਾਸੇ ਰਾਜ ਦਾ ਭਰਾ ਬਦਮਾਸ਼ ਦਾ ਪਿੱਛਾ ਕਰਦਾ ਹੈ ਪਰਤੂ ਬਦਮਾਸ਼ ਦੇ ਸਾਥੀ ਉਸ ਨੂੰ ਮਾਰ ਕੇ ਖਤਮ ਕਰ ਦਿੰਦੇ ਹਨ। ਅੰਤ ਵਿਚ ਜਦੋਂ ਰਾਜ ਦੀ ਮਾਂ ਰਾਜ ਨੂੰ ਦੱਸਦੀ ਹੈ ਕਿ ਉਸ ਬਦਮਾਸ਼ ਨੇ ਰਾਜ ਦੇ ਭਰਾ ਨੂੰ ਵੀ ਮਾਰ ਛੱਡਿਆ ਹੈ ਤਾਂ ਰਾਜ ਆਪਣਾ ਦਮ ਤੋੜ ਦਿੰਦੀ ਹੈ। ਇਸ ਨਾਟਕ ਵਿਚ ਨੇਕੀ ਦੇ ਬਦੀ ਦੇ ਸਿਧਾਂਤ ਨੂੰ ਪੇਸ਼ ਕਰਨ ਦੀ ਬਜਾਏ ਹਕੀਕਤ ਤੋਂ ਕੰਮ ਲੈਂਦਿਆਂ ਹੋਇਆ ਨੇਕੀ ਨਾਲ ਹੁੰਦੇ ਭੈੜੇ ਸਲੂਕ ਨੂੰ ਬੜੇ ਦਰਦਨਾਕ ਤਰੀਕੇ ਨਾਲ ਪੇਸ਼ ਕੀਤਾ ਹੈ। ਰਾਜ ਪਾਗਲ ਹੋ ਜਾਂਦੀ ਹੈ ਪਰ ਇਸ ਉਮੀਦ ਤੇ ਜ਼ਰੂਰ ਜ਼ਿੰਦਾ ਰਹਿੰਦੀ ਹੈ ਕਿ ਨੇਕੀ ਦੀ ਪੈਰਵੀ ਕਰਨ ਵਾਲਾ ਅਤੇ ਉਸ ਦੀ ਇੱਜ਼ਤ ਦੀ ਰਖਵਾਲੀ ਕਰਨ ਵਾਲਾ ਉਸਦਾ ਭਰਾ ਹਲੇ ਜ਼ਿੰਦਾ ਹੈ ਜਿਸ ਤੋਂ ਉਸ ਨੂੰ ਉਮੀਦ ਸੀ ਉਸ ਦਾ ਭਰਾ ਵੀ ਬਦੀ ਹੱਥੋਂ ਹਾਰ ਜਾਂਦਾ ਹੈ ਅਤੇ ਮਾਰਿਆ ਜਾਂਦਾ ਹੈ। ਜਿਸ ਕਾਰਨ ਰਾਜ ਦੀ ਆਖਰੀ ਉਮੀਦ ਵੀ ਮੁੱਕ ਜਾਂਦੀ ਹੈ। ਇਹਨਾਂ ਨਾਟਕਾਂ ਵਿਚ ਜਿਥੇ ਵਿਸ਼ੇ ਦੀ ਸਾਂਝ ਹੈ ਉਥੇ ਹੀ ਪਾਤਰਾਂ ਦੀ ਆਵਾਜ਼ ਨਾਲ ਦਰਦਨਾਕ ਅਸਲੀਅਤ ਦੀ ਪੇਸ਼ਕਾਰੀ ਕੀਤੀ ਗਈ ਹੈ। ਉਦਾਹਰਨ ਵਜੋਂ 'ਦਿਲ ਦਰਿਆ' ਬਾਬਾ ਗੱਡੀ ਦੀ ਚੀਕ ਤੋਂ ਡਰਦਾ ਹੈ ਕਿਉਂਕਿ ਉਸਨੂੰ ਆਪਣੀ ਧੀ ਸ਼ੱਬੋ ਦੀਆਂ ਚੀਕਾਂ ਸੁਣਾਈ ਦੇਣ ਲੱਗਦੀਆਂ ਹਨ ਤੇ ਦਿਲਾਂ ਦੇ ਰੋਗੀ ਨਾਟਕ ਵਿਚ ਰਾਜ ਪੁਲਿਸ ਦੇ ਸਿਪਾਹੀ ਦੀ ਸੀਟੀ ਸੁਣ ਕੇ ਉੱਠ ਬਹਿੰਦੀ ਹੈ ਉਸ ਨੂੰ ਇੰਜ ਲੱਗਦਾ ਹੈ ਕਿ ਜਿਵੇਂ ਉਸ ਦੇ ਭਰਾ ਨੇ ਸੀਟੀ ਮਾਰੀ। ਇਹ ਘਟਨਾਵਾਂ ਨਾਟਕ ਦੇ ਪਾਤਰਾਂ ਨੂੰ ਉਹਨਾਂ ਦੇ ਬੀਤੇ ਸਮੇਂ ਦੀਆਂ ਯਾਦ ਦਿਲਾਉਂਦੀਆਂ ਨਾਲ ਹੀ ਦੁਨਿਆਵੀਂ ਰਿਸ਼ਤਿਆਂ ਦੀ ਪੈਰਵੀ ਵੀ ਕਰਦੀਆਂ ਹਨ।

ਇਸੇ ਪ੍ਰਕਾਰ ਸੱਜਾਦ ਹੈਦਰ ਦੇ ਨਾਟਕ 'ਕਣਕਾਂ ਲੰਮੀਆਂ ਨੀ ਮਾਏ' ਵਿਚ ਵੀ ਔਰਤਾਂ ਦੀ ਮਜ਼ਬੂਰੀ ਅਤੇ ਧੀਆਂ ਦੀ ਬੇਕਦਰੀ ਨੂੰ ਵਿਸ਼ਾ ਬਣਾਇਆ ਗਿਆ ਹੈ। ਨਰਗਿਸ ਗਰੀਬ ਮਾਪਿਆਂ ਦੀ ਇਕੱਲੀ ਧੀ ਹੈ ਪਰ ਸਮਾਜਿਕ ਬੇਕਦਰੀ ਦਾ ਸ਼ਿਕਾਰ ਹੈ। ਪਿਤਾ ਦੀ ਨੌਕਰੀ ਖਤਮ ਹੋ ਚੁੱਕੀ ਹੈ। ਉਹ ਕਰਜ਼ਾ ਚੁੱਕ ਕੇ ਆਪਣੇ ਪੁੱਤਰ ਸਲੀਮ ਨੂੰ ਇਸ ਉਮੀਦ ਨਾਲ ਪੜ੍ਹਾ ਰਿਹਾ ਹੈ ਕਿ ਉਹ ਦਸਵੀਂ ਪਾਸ ਕਰ ਲਵੇਗਾ ਤਾਂ ਉਨ੍ਹਾਂ ਦੇ ਸਾਰੇ ਦੁੱਖ ਕੱਟੇ ਜਾਣਗੇ ਪਰ ਹੁੰਦਾ ਇਸ ਦੇ ਉਲਟ ਹੈ ਕਿ ਸਲੀਮ ਦਸਵੀਂ ਵਿਚੋਂ ਫੈਲ ਹੋ ਜਾਂਦਾ ਹੈ। ਨਰਗਿਸ ਦਾ ਦੂਜਾ ਭਰਾ ਆਜ਼ਾਦ ਹੈ ਜਿਹੜਾ ਉਮਰ ਵਿਚ ਹਾਲੇ ਬਹੁਤ ਛੋਟਾ ਹੈ। ਨਾਟਕਕਾਰ ਨੇ ਇਸ ਨਾਟਕ ਵਿਚ ਨਰਗਿਸ ਦੇ ਪਾਤਰ ਨੂੰ ਇਸ ਪ੍ਰਕਾਰ ਉਭਾਰਿਆ ਹੈ ਕਿ ਉਹ ਪੜ੍ਹੇ ਲਿਖੇ ਪਾਠਕਾਂ ਦੀ ਹਮਦਰਦੀ ਹਾਸਲ ਕਰਨ ਵਿਚ ਪੂਰੀ ਤਰ੍ਹਾਂ ਕਾਮਯਾਬ ਹੋ ਜਾਂਦੀ ਹੈ। ਇਹ ਸਿਰਫ਼ ਇਕ ਕੁੜੀ ਦੀ ਕਹਾਣੀ ਨਹੀਂ ਬਲਕਿ ਦੁਨਿਆਵੀਂ ਕੁੜੀ ਦੀ ਸਾਂਝੀ ਸਮੱਸਿਆ ਦੀ ਪੇਸ਼ਕਾਰੀ ਹੈ ਕਿ ਪਰਿਵਾਰ ਵਿਚ ਹਰੇਕ ਅਧਿਕਾਰ ਦੀ ਪ੍ਰਪਤੀ ਲਈ ਧੀ ਨੂੰ ਦੂਸਰੇ ਦਰਜੇ ਤੇ ਹੀ ਵਿਚਾਰਿਆ ਜਾਂਦਾ ਰਿਹਾ ਹੈ ਜਿਹੜੀ ਅੱਜ ਵੀ ਔਰਤ ਨੂੰ ਦੂਜੇ ਦਰਜੇ ਦਾ ਸ਼ਹਿਰੀ ਸਮਝਦੀ ਹੈ। 'ਮਿੱਟੀ ਦਾ ਬਾਵਾ' ਸਜਾਦ ਹੈਦਰ ਦੇ ਨਾਟਕ 'ਬੋਲ ਮਿੱਟੀ ਦਿਆ ਬਾਵਿਆ' ਸਮਾਜਿਕ ਪੱਧਰ ਤੇ ਔਰਤ ਦੀ ਤਰਾਸਦੀ ਨੂੰ ਪੇਸ਼ ਕਰਦਾ ਹੈ। 'ਬੋਲ ਮਿੱਟੀ ਦਿਆ ਬਾਵਿਆ' ਨਾਟਕ ਵਿਚ ਨਾਟਕ ਦੀ ਪਾਤਰ ਨੌਕਰਾਣੀ ਨਾਜ਼ੀ ਕੋਲ ਮਿੱਟੀ ਦਾ ਬਾਵਾ ਹੈ। ਜਿਸ ਨਾਲ ਉਹ ਗੱਲਾਂ ਕਰਦੀ ਹੈ। 'ਬੋਲ ਮਿੱਟੀ ਦਾ ਬਾਵਾ' ਨਾਟਕ ਹਲਕੇ ਫੁਲਕੇ ਅੰਦਾਜ਼ ਦੇ ਬਾਵਜੂਦ ਠੋਸ ਸਮਾਜੀ ਮਸਲੇ ਦੀ ਨਿਸ਼ਾਨਦੇਹੀ ਕਰਦਾ ਹੈ। ਇਉਂ ਇਹ ਨਾਟਕ ਔਰਤ ਭਾਵੇਂ ਛੋਟੇ ਘਰ ਦੀ ਹੋਵੇ ਭਾਵੇਂ ਵੱਡੇ ਘਰ ਦੀ ਹੋਵੇ ਉਨ੍ਹਾਂ ਦੀ ਇਕੋ ਜਿਹੀ ਮਾਨਸਿਕ ਤ੍ਰਾਸਦੀ ਦੀ ਪੇਸ਼ਕਾਰੀ ਕਰਦਾ ਹੈ। ਇਸ ਪ੍ਰਕਾਰ ਸੱਜਾਦ ਹੈਦਰ ਦੁਆਰਾ ਰਚਿਤ ਨਾਟਕ 'ਹਵਾ ਦੇ ਹਉਕੇ' ਨਾਟ ਸੰਗ੍ਰਹਿ ਵਿਚ ਸ਼ਾਮਿਲ ਨਾਟਕਾਂ ਵਿਚ ਔਰਤ ਦੀ ਸਮਾਜਿਕ ਅਤੇ ਮਾਨਸਿਕ ਸਥਿਤੀ ਬਹੁਤ ਹੀ ਤ੍ਰਾਸਦਿਕ ਢੰਗ ਨਾਲ ਉਭਰ ਕੇ ਸਾਹਮਣੇ ਆਉਂਦੀ ਹੈ। ਸਮਾਜਿਕ ਬੰਦਿਸ਼ਾਂ ਕਾਰਨ ਔਰਤ ਨੂੰ ਖੁਲ੍ਹ ਕੇ ਆਪਣੀਆਂ ਭਾਵਨਾਵਾਂ ਨੂੰ ਉਜਾਗਰ ਕਰਨ ਦੀ ਆਗਿਆ ਨਹੀਂ ਹੈ ਜਿਸ ਕਾਰਨ ਉਹ ਕਦੀ ਇੱਜ਼ਤ ਲੁੱਟੇ ਜਾਣ ਦੀ ਸ਼ਿਕਾਰ ਹੁੰਦੀ ਹੈ ਤੇ ਕਿਤੇ ਖੁਦ ਹੀ ਆਪਣਿਆਂ ਕੋਲੋਂ ਕਤਲ ਹੋ ਜਾਂਦੀ ਹੈ। ਜਿਸ ਵਜ੍ਹਾ ਕਾਰਨ ਉਹ ਆਪਣੇ ਖੂਨੀ ਰਿਸ਼ਤਿਆਂ ਬਾਪ ਤੇ ਭਰਾ ਦੀਆਂ ਪ੍ਰੇਸ਼ਾਨੀਆਂ ਲਈ ਵੀ ਜ਼ਿੰਮੇਵਾਰ ਬਣਦੀ ਹੈ ਤੇ ਮਹਿਸੂਸ

ਕਰਦੀ ਹੈ ਤੇ ਮਾਨਸਿਕ ਸੰਤਾਪ ਹੰਢਾਉਂਦੀ ਹੈ। ਸੱਜਾਦ ਹੈਦਰ ਤੋਂ ਬਾਅਦ ਔਰਤ ਦੀਆਂ ਮਾਨਸਿਕ ਵੇਦਨਾਂਵਾਂ ਦੀ ਪੇਸ਼ਕਾਰੀ ਕਰਨ ਲਈ ਸ਼ਹਿਦ ਨਦੀਮ ਪਾਕਿਸਤਾਨੀ ਪੰਜਾਬੀ ਨਾਟਕਕਾਰਾਂ ਵਿਚ ਆਪਣਾ ਨਿਖੜਵਾਂ ਨਾਮ ਸਥਾਪਿਤ ਕਰਨ ਵਾਲਾ ਨਾਟਕਕਾਰ ਹੈ ਜਿਸ ਦੀ ਪਾਕਿਸਤਾਨੀ ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਵਿਸ਼ੇਸ਼ ਦੇਣ ਹੈ। 'ਖਸਮਾਂਖਾਣੀਆਂ' ਨਾਟ ਸੰਗ੍ਰਹਿ ਵਿਚ ਸ਼ਹਿਦ ਨਦੀਮ ਨੇ ਔਰਤ ਦੀ ਪਾਕਿਸਤਾਨੀ ਸਮਾਜ ਵਿਚ ਦਮਨਸ਼ੀਲ ਸਥਿਤੀ ਨੂੰ ਵੱਖ ਵੱਖ ਔਰਤਾਂ ਨਾਲ ਵਾਪਰਦੀਆਂ ਵੱਖ ਵੱਖ ਘਟਨਾਵਾਂ ਰਾਹੀਂ ਉਜਾਗਰ ਕੀਤਾ ਹੈ। ਇਹਨਾਂ ਨਾਟਕਾਂ ਵਿਚ ਨਾਟਕਕਾਰ ਪੂਰੀ ਸੂਝ ਸਮਝ ਨਾਲ ਸਮਾਜ ਤੇ ਵਿਅੰਗ ਕਸਦਾ ਹੈ ਜਿਸਦੀ ਪੁਸ਼ਟੀ ਉਸ ਦੇ ਆਪਣੇ ਸ਼ਬਦਾਂ ਵਿਚ ਸ਼ਪਸ਼ਟ ਹੋ ਜਾਂਦੀ ਹੈ:

> 'ਇਹ ਖੇਡ ਲਿਖਣ ਦੀ ਤਹਿਕੀਕ ਅਦਬੀ ਨਹੀਂ ਸਮਾਜੀ ਸੀ ਤੇ ਨਾ ਹੀ ਛੜਾ ਇਤਫਾਕ ਹੈ ਕਿ ਇਹ ਡਰਾਮੇ ਔਰਤਾਂ ਦੇ ਹਵਾਲੇ ਨਾਲ ਲਿਖੇ ਗਏ ਨੇ। ਇਹ ਡਰਾਮੇਂ ਜ਼ਿਆਦਾ ਸਿਆਸੀ ਤੇ ਸਕਾਫਤੀ ਜ਼ਬਰ ਤੋੜਨ ਲਈ ਲਿਖੇ ਗਏ ਹਨ।'[9]

'ਖਸਮਾਖਾਣੀਆਂ' ਨਾਟ ਸੰਗ੍ਰਹਿ ਵਿਚਲਾ ਪਹਿਲਾ ਨਾਟਕ 'ਰਿਹਾਈ' ਹੈ। ਰਿਹਾਈ ਨਾਟਕ ਇਹ ਤੱਥ ਉਜਾਗਰ ਕਰਦਾ ਹੈ ਕਿ ਪਾਕਿਸਤਾਨੀ ਸਮਾਜ ਵਿਚ ਇਸਲਾਮੀ ਕਾਨੂੰਨ ਅਧੀਨ ਔਰਤਾਂ ਤੇ ਘੱਟ ਗਿਣਤੀ ਫ਼ਿਰਕਿਆਂ ਨਾਲ ਵਿਤਕਰੇ ਭਰਿਆ ਵਿਹਾਰ ਕਰਿਆ ਜਾਂਦਾ ਹੈ। ਪੜੀਆਂ ਲਿਖੀਆਂ ਔਰਤਾਂ ਇਸ ਵਹਿਮ ਵਿਚ ਹਨ ਕਿ ਉਹਨਾਂ ਨੂੰ ਮਰਦਾਂ ਦੇ ਬਰਾਬਰ ਆਜ਼ਾਦੀ ਪ੍ਰਾਪਤ ਹੈ ਪਰੰਤੂ ਜਦੋਂ ਨਾਟਕ ਵਿਚਲੀ ਸੂਝਵਾਨ ਪਾਤਰ ਜ਼ਹਿਦਾ ਜੇਲ੍ਹ ਵਿਚਲੀਆਂ ਤਿੰਨ ਔਰਤਾਂ ਜੀਨਤ, ਜਮੀਲਾ,ਅਤੇ ਮਰੀਅਮ ਨਾਲ ਸਮਾਂ ਬਿਤਾਉਂਦੀ ਹੋਈ ਗੱਲਬਾਤ ਕਰਦੀ ਹੈ ਤਾਂ ਉਸ ਨੂੰ ਸਪਸ਼ਟ ਹੁੰਦਾ ਹੈ ਕਿ ਉਹ ਔਰਤ ਦਾ ਹੱਕਾਂ ਲਈ ਲੜਦੀ ਜ਼ਰੂਰ ਹੈ ਪਰ ਉਹ ਹਾਲੇ ਵੀ ਪਾਕਿਸਤਾਨ ਵਿਚਲੇ ਮਰਦ ਪ੍ਰਧਾਨ ਸਮਾਜ ਅਤੇ ਇਸਲਾਮੀ ਕਾਨੂੰਨ ਅਧੀਨ ਹੰਢਾ ਰਹੀ ਦਮਨਸ਼ੀਲ ਸਥਿਤੀ ਤੋਂ ਅਜੇ ਵੀ ਪੂਰੀ ਤਰਾਂ ਵਾਕਫ ਨਹੀਂ ਹੈ। ਜੋ ਮਾਲਕ ਦੇ ਘਰ ਚੋਰੀ ਕਰਕੇ ਫਰਾਰ ਹੈ। ਮਰੀਅਮ ਇਸਲਾਮੀ ਕਾਨੂੰਨ ਦੀ ਉਲੰਘਣਾ ਦੀ ਸਜਾ ਭੁਗਤ ਰਹੀ ਹੈ। ਜੋ ਇਸ ਕਰਕੇ ਕੈਦ ਵਿਚ ਹੈ ਕਿਉਂਕਿ ਉਹ ਚਿਰਾਗਾਂ ਦੇ ਮੇਲੇ ਤੇ ਸ਼ੁਦੈਣ ਹੋ ਕੇ ਨੱਚਦੀ ਹੈ ਤੇ ਇਸਲਾਮੀ ਸ਼ਰ੍ਹਾ ਅਨੁਸਾਰ ਜਨਾਨੀਆਂ ਦਾ ਨੱਚਣਾ ਮਨ੍ਹਾਂ ਹੈ। ਬਾਬੇ ਦੀ ਸ਼ਿਕਾਇਤ ਕਰਕੇ ਸਜਾ ਤੇ ਭੁਗਤ ਹੀ ਰਹੀ ਸੀ ਪਰ ਜੇਲ੍ਹ ਵਿਚ ਵੀ ਉਹ ਮਰਦਾਂ ਦੀ ਬਦਨੀਅਤ ਦਾ ਸ਼ਿਕਾਰ ਹੋ ਜਾਂਦੀ ਹੈ ਅਤੇ ਉਸ ਨੂੰ ਇਹ ਨਹੀਂ ਪਤਾ ਕਿ ਉਸ ਦੇ ਗਰਭ ਵਿਚ ਬੱਚਾ ਕਿਸਦਾ ਹੈ। ਜਦੋਂ ਜਮੀਲਾ ਉਸ ਨੂੰ ਪੁਛਦੀ ਹੈ ਕਿ ਇਸ ਦਾ ਪਿਉ ਕੌਣ ਹੈ ਤਾਂ ਮਰੀਅਮ ਕਹਿੰਦੀ ਹੈ:

> '(ਵਿਅੰਗ ਨਾਲ) ਵਾਰਡਨ, ਕਰਮਦਾਦ, ਨਹੀਂ ਹਸਪਤਾਲ ਵਾਲਾ ਬਾਊ..........ਨਹੀਂ ਮੇਰਾ ਖਿਆਲ ਏ ਦਰੋਗਾ ਅਸਲਮ.... '[10]

ਮਰੀਅਮ ਨਾਟਕ ਵਿਚ ਸ਼ਰੀਰਕ ਸ਼ੋਸ਼ਣ ਦੇ ਨਾਲ ਮਾਨਸ਼ਿਕ ਸ਼ੋਸ਼ਣ ਦੀ ਵੀ ਸ਼ਿਕਾਰ ਔਰਤ ਹੈ ਜਿਸ ਦਾ ਐਬੋਰਸ਼ਨ ਉਸ ਦੀ ਮਰਜੀ ਬਗੈਰ ਜੇਲ੍ਹ ਅਧਿਕਾਰੀਆਂ ਵੱਲੋਂ ਕਰਵਾ ਦਿਤਾ ਜਾਂਦਾ ਹੈ।

ਇੰਜ ਹੀ ਨਾਟਕ ਦੀ ਤੀਸਰੀ ਔਰਤ ਪਾਤਰ ਜਮੀਲਾ ਪਿਉ ਦੇ ਪੇਸੈ ਪ੍ਰਤੀ ਹਵਸ ਦੀ ਬਲੀ ਚੜਦੀ ਹੈ। ਜੋ ਪਿਉ ਵੱਲੋਂ ਜਬਰਦਸਤੀ 12 ਸਾਲ ਦੀ ਉਮਰ ਵਿਚ ਇਕ ਬੁੱਢੇ ਦੇ ਲੜ ਲਾ ਦਿਤੀ ਜਾਂਦੀ ਹੈ। ਜੋ ਉਸ ਦੀਆਂ ਸ਼ਰੀਰਕ ਜਰੂਰਤਾਂ ਪੂਰੀਆਂ ਕਰਨ ਦੇ ਵੀ ਕਾਬਿਲ ਨਹੀਂ ਹੈ ਤੇ ਉਹ ਆਪਣੀ ਮਰਜੀ ਨਾਲ ਆਪਣੀ ਉਮਰ ਦੇ ਹਾਣੀ ਫਿਰੋਜ ਨਾਲ ਭੱਜ ਜਾਂਦੀ ਹੈ ਜਿਸ ਦੀ ਸਜਾ ਉਸ ਨੂੰ ਮਰਦ ਪ੍ਰਧਾਨ ਸਮਾਜ ਵੱਲੋਂ ਵਾਪਸ ਉਸ ਦੇ ਪਤੀ ਘਰ ਛੱਡ ਕੇ ਦਿਤੀ ਜਾਂਦੀ ਹੈ ਤੇ ਉਹ ਮਰਦਾਂ ਪ੍ਰਤੀ ਵਿਦਰੋਹ ਆਪਣੇ ਪਤੀ ਦਾ ਕਤਲ ਕਰਕੇ ਪ੍ਰਗਟ ਕਰਦੀ ਹੈ। ਸਪਸ਼ਟ ਹੈ ਕਿ ਪਾਕਿਸਤਾਨੀ ਸਮਾਜ ਵਿਚ ਕਾਨੂੰਨ ਅਤੇ ਧਰਮ ਵੀ ਔਰਤ ਦੀ ਦਮਨਸ਼ੀਲ ਸਥਿਤੀ ਲਈ ਜਿੰਮੇਵਾਰ ਹਨ।

ਇਸ ਪ੍ਰਕਾਰ ਅਗਲਾ ਨਾਟਕ 'ਚੁੱਲ੍ਹਾ' ਉਹਨਾਂ ਔਰਤਾਂ ਦੀ ਕਹਾਣੀ ਬਿਆਨ ਕਰਦਾ ਹੈ ਜਿਨਾਂ ਦੀ ਜ਼ਿੰਦਗੀ ਪਤੀ ਦੇ ਬਿਸਤਰੇ ਤੋਂ ਲੈ ਕੇ ਰਸੋਈ ਤਕ ਹੀ ਸੀਮਤ ਹੋ ਕੇ ਰਹਿ ਜਾਂਦੀ ਹੈ। ਮਰਦ ਦੀ ਅਜਿਹੀ ਸੋਚ ਕਾਰਨ ਹੀ ਔਰਤ ਦੇ ਮਰਦ ਦੇ ਸ਼ੋਸ਼ਣ ਦਾ ਸ਼ਿਕਾਰ ਬਣਦੀ ਹੈ। ਨਾਟਕ ਵਿਚ ਜੁਬੇਦਾ ਵੀ ਪਤੀ ਦੇ ਅਜਿਹੇ ਦਮਨ ਦਾ ਸ਼ਿਕਾਰ ਹੈ ਜਿਸ ਦੀ ਪੁਸ਼ਟੀ ਨਾਟਕ ਵਿਚਲੇ ਉਸਦੇ ਇਨਾਂ ਵਾਰਤਾਲਾਪ ਤੋਂ ਹੁੰਦੀ ਹੈ:

'..... ਹਾਕਮੇ ਨੇ ਕਦੀ ਮੈਨੂੰ ਮੇਰੀ ਮਰਜੀ ਨਾਲ ਕੁਝ ਨਹੀਂ ਕਰਨ ਦਿੱਤਾ। ਹਰ ਗੱਲ ਦਾ ਫੈਸਲਾ ਉਹੀ ਕਰਦਾ ਏ। ਕਿੱਥੇ ਜਾਣਾ, ਕਿੱਥੇ ਨਹੀਂ ਜਾਣਾ, ਕੀਹਦੇ ਨਾਲ ਗੱਲ ਕਰਨੀ ਏ ਕੀਹਦੇ ਨਾਲ ਨਹੀਂ, ਕਿਹੜੇ ਕੱਪੜੇ ਪਾਉਣੇ ਕਿਹੜੇ ਨਹੀਂ ਪਾਉਣੇ, ਮੇਰੀ ਖੁਸ਼ੀ ਦੀ ਗੱਲ ਕਦੇ ਪੂਰੀ ਨਹੀਂ ਹੁੰਦੀ, ਹਾਕਮੇ ਨੇ ਕਦੀ ਮੈਨੂੰ ਮੇਰੀ ਮਰਜ਼ੀ ਨਾਲ ਕੁਝ ਨਹੀਂ ਕਰਨ ਦਿਤਾ ਜੇ ਕਦੇ ਹੁੰਦੀ ਹੈ ਤਾਂ ਉਦੋਂ ਹੁੰਦੀ ਹੈ ਜਦੋਂ ਉਦੀ ਮਰਜੀ ਹੋਵੇ।'[11] ਇੰਜ ਪਾਕਿਸਤਾਨੀ ਸਮਾਜ ਵਿਚ ਔਰਤ ਮਰਦ ਦੇ ਅਧੀਨ ਰਹਿ ਕੇ ਵੀ ਜਿਉਣ ਲਈ ਖੁਦ ਤਾਂ ਮਜਬੂਰ ਹੈ ਅੱਗੋਂ ਆਪਣੀ ਧੀ ਦੇ ਭਵਿੱਖ ਲਈ ਚਿੰਤਤ ਹੈ ਕਿਉਂਕਿ ਉਸ ਨੂੰ ਲਗਦਾ ਹੈ ਕਿ ਉਸ ਦੀ ਬੇਟੀ ਦਾ ਭਵਿੱਖ ਵੀ ਸੁਰੱਖਿਅਤ ਨਹੀਂ ਹੈ।

ਨਾਟਕ ਵਿਚ ਜੁਬੈਦਾ ਪਾਤਰ ਆਪਣੀ ਗੁਆਂਢਣ ਦੇ ਸਹੁਰਿਆਂ ਵੱਲੋਂ ਦਾਜ ਦੇ ਲਾਲਚ ਵਿਚ ਸਾੜਨ ਤੇ ਮਹਿਸੂਸ ਕਰਦੀ ਹੈ ਕਿ ਉਸ ਦੀ ਬੇਮਾਅਨੀ ਜਿੰਦਗੀ ਨਾਲੋਂ ਸਕੀਨਾਂ ਦੀ ਮੌਤ ਚੰਗੀ ਲਗਦੀ ਹੈ ਤੇ ਕਹਿੰਦੀ ਹੈ ਰੋਜ ਰੋਜ ਦੇ ਤੜਫਣ ਨਾਲੋਂ ਸਕੀਨਾ ਆਜਾਦ ਹੋ ਗਈ। ਉਹ ਕਹਿੰਦੀ ਹੈ:

'ਵਿਚਾਰੀ ਸਕੀਨਾ ਬੜੀ ਤਕਲੀਫ ਨਾਲ ਮਰੀ ਹੋਣੀ ਏ ਤੜਫ - ਤੜਫ ਕੇ, ਪਰ ਹੁਣ ਸ਼ਾਇਦ ਉਹ ਆਰਾਮ ਵਿੱਚ ਹੋਵੇ, ਰੋਜ਼ - ਰੋਜ਼ ਦੇ ਤੜਫਣ ਤੋਂ ਤੇ ਆਜ਼ਾਦ ਹੋ ਗਈ ਏ, ਉਹ ਜੁਬੈਦੀ ਨੂੰ ਆਪਣੀ ਬੇਮਾਅਨੀ ਜ਼ਿੰਦਗੀ ਨਾਲੋਂ ਸਕੀਨਾ ਦੀ ਮੌਤ ਚੰਗੀ ਲਗਦੀ ਹੈ। ਚੁੱਲਾ ਨਾਟਕ ਵਿਚ ਪਾਕਿਸਤਾਨੀ ਸਮਾਜ ਸ਼ਹਿਰੀ ਔਰਤ ਦੇ ਸ਼ੋਸ਼ਣ ਦੀ ਪੇਸ਼ਕਾਰੀ ਕਰਦਾ ਹੈ ਤੇ ਨਾਲ ਹੀ 'ਝੱਲੀ ਕਿਥੇ ਜਾਵੇ' ਇਕ ਪੇਂਡੂ ਔਰਤ ਦੇ ਦਮਨ ਦੀ ਕਹਾਣੀ ਬਿਆਨ ਕੀਤੀ ਹੈ।'[12] ਨਾਟਕ ਦੀ ਮੂਲ ਧੁਨੀ ਹੈ ਕਿ ਇਨਸਾਨ ਨੇ ਹੀ ਇਨਸਾਨ ਦੀ ਪਹਿਚਾਨ ਦਾ ਆਧਾਰ ਜਾਤ, ਧਰਮ, ਭੇਖ, ਅਤੇ ਬਾਹਰ ਮੁਖੀ ਚਿੰਨਾਂ ਨੂੰ ਮਿਥ ਲਿਆ ਹੈ।

ਨਾਟਕ 'ਝੱਲੀ ਕਿਥੇ ਜਾਵੇ' ਸ਼ਾਹਿਦ ਨਦੀਮ ਦੁਆਰਾ ਰਚਿਤ ਨਾਟਕ ਹੈ। ਇਹ ਪਾਕਿਸਤਾਨੀ ਪੰਜਾਬੀ ਥੀਏਟਰ ਦੀ ਇਕ ਬੜੀ ਉੱਘੀ ਪ੍ਰਾਪਤੀ ਹੈ।ਨਾਟਕ ਵਿਸ਼ਾ ਬੜਾ ਸਪਸ਼ਟ ਅਤੇ ਗੰਭੀਰ ਹੈ। ਇਸ ਵਿਚ ਲੋਕਾਂ ਦਾ ਪੈਸੇ ਤੇ ਚੀਜ਼ਾਂ ਦੀ ਖਾਤਿਰ ਖਾੜੀ ਦੇ ਦੇਸ਼ਾਂ ਵਿਚ ਜਾ ਕੇ ਭੈੜੇ ਚੰਗੇ ਕੰਮ ਕਰਨ ਦੀ ਹੋਣ ਦਾ ਮਜ਼ਾਕ ਉਡਾਇਆ ਗਿਆ ਹੈ। ਰਹਿਮਤ ਦੇ ਮਾਂ ਬਾਪ ਤੇ ਭੈਣ ਭਰਾ ਇਹੋ ਚਾਹੁੰਦੇ ਹਨ ਕਿ ਉਹ ਦੁਬਈ ਰਹੇ ਤਾਂ ਜੋ ਉਨ੍ਹਾਂ ਲਈ ਹੋਰ ਪੈਸੇ ਤੇ ਹੋਰ ਤੋਹਫ਼ੇ ਭੇਜੇ ਪਰ ਉਸ ਦੀ ਬੀਵੀ ਭਾਗਾਂ ਨੂੰ ਆਪਣੇ ਖਾਵੰਦ ਦਾ ਪਿਆਰ ਚਾਹੀਦਾ ਹੈ। ਉਹ ਝੱਲੀ ਕਿੱਥੇ ਜਾਵੇ, ਇਹੀ ਇਸ ਨਾਟਕ ਦਾ ਵਿਸ਼ਾ ਹੈ। ਜਿੱਥੇ ਇਸ ਨਾਟਕ ਵਿਚ ਭਾਗਾਂ ਦੀ ਮਨੋਵਿਗਿਆਨਕ ਹਾਲਤ ਨੂੰ ਪੇਸ਼ ਕੀਤਾ ਗਿਆ ਹੈ।

'ਥੱਪੜ' ਨਾਟਕ ਸ਼ਾਹਿਦ ਨਦੀਮ ਦੁਆਰਾ ਲਿਖਿਆ ਨਾਟਕ ਹੈ। ਇਹ ਇਕ ਪ੍ਰਤੀਕਾਤਮਕ ਨਾਟਕ ਹੈ ਜੋ ਹਰ ਔਰਤ ਦੀ ਤ੍ਰਾਸਦਿਕ ਹਾਲਤ ਦੀ ਪੇਸ਼ਕਾਰੀ ਹੋਇਆ ਦਸਦਾ ਹੈ ਕਿ ਹਰ ਔਰਤ ਨੂੰ ਆਪਣੇ, ਬੱਚੇ ਦੇ ਰੂਪ ਵਿਚ ਧੀ ਜੰਮਣ ਤੇ ਖਾਵੰਦ ਤੋਂ ਥੱਪੜ ਖਾਣੇ ਹਨ। ਇਸ ਨਾਟਕ ਵਿਚ ਫਰੀਦ ਫੈਸੀਦਾ ਤੇ ਫਰਖੰਦਾ ਅਤੇ ਬੇਗਮ ਦੀ ਆਪਸੀ ਗੱਲਬਾਤ ਰਾਹੀਂ ਥੀਮ, ਦੀ ਉਸਾਰੀ ਕਰਦਾ ਹੈ। ਫੈਸੀਦਾ ਦੇ ਧੀ ਨੂੰ ਜਨਮ ਦੇਣ ਤੇ ਉਸਦਾ ਘਰਵਾਲਾ ਉਸਨੂੰ ਥੱਪੜ ਮਾਰਦਾ ਹੈ। ਫਰਖੰਦਾਂ ਨੂੰ ਪਹਿਲਾਂ ਧੀ ਨੂੰ ਜਨਮ ਦੇਣ ਕਰਕੇ ਕਾਫ਼ੀ ਸਮਾਂ ਪੇਕੇ ਰਹਿਣਾ ਪਿਆ ਤੇ ਮੁਸ਼ਕਿਲ ਨਾਲ ਵਾਪਿਸ ਆਈ ਤੇ ਬੇਗਮ ਨੂੰ ਪੂਰਾ ਯਕੀਨ ਹੈ ਕਿ ਉਸਦੇ ਘਰ ਪੁੱਤਰ ਆਵੇਗਾ ਪਰ ਉਸ ਦੀ ਕੁਖੋਂ ਧੀ ਜਨਮ ਲੈਂਦੀ ਹੈ ਤੇ ਉਸਨੂੰ ਪਿਆਰ ਕਰਨ ਵਾਲਾ ਪਤੀ ਧੀ ਦੇਖਣ ਤੋਂ ਇਨਕਾਰ ਕਰ ਦਿੰਦਾ ਹੈ ਤੇ ਆਖਦਾ ਹੈ ਕਿ ਬੱਚਾ ਬਦਲ ਗਿਆ ਹੈ। ਬੇਗਮ ਦਰਦ ਭਰੀ ਆਵਾਜ਼ ਵਿਚ ਆਖਦੀ ਹੈ ਕਿ ਉਹ ਹੁਣ ਮੁੰਡਾ ਕਿਥੋਂ ਲਿਆਵੇ। ਪਾਗਲਾਂ ਵਾਲੀ ਸਥਿਤੀ ਵਿਚ ਬੋਲਦੀ ਹੈ ਕਿ ਉਹ ਸਾਰੇ ਜੇਵਰ, ਬਲੈਂਕ ਚੈੱਕ ਦੇਣ ਨੂੰ ਤਿਆਰ ਹੈ। ਉਸਦਾ ਬੇਟਾ ਵਾਪਿਸ ਕਰ ਦਿੱਤਾ ਜਾਵੇ।

ਜਮਾਂਦਾਰਨੀਆਂ ਕਾਰਜ ਨੂੰ ਤੋੜਦੇ ਹੋਏ ਗੀਤ ਗਾਉਂਦੀਆਂ ਹਨ ਜਿਸਦਾ ਭਾਵ ਹੈ ਕਿ ਕਿਸਮਤ ਅੱਗੇ ਕਿਸੇ ਦਾ ਜ਼ੋਰ ਨਹੀਂ ਚਲਦਾ। ਇਸ ਸਾਰੀ ਸਥਿਤੀ ਤੋਂ ਭੈ ਭੀਤ ਹੋਈ ਫਰੀਦਾ ਚੀਕਾਂ ਮਾਰਦੀ ਹੈ ਤੇ ਆਖਦੀ ਹੈ ਕਿ ਉਸਨੂੰ ਬੱਚਾ ਨਹੀਂ ਚਾਹੀਦਾ ਹੈ। ਉਹ ਆਖਦੀ ਹੈ ਕਿ ਜੇ ਕੁੜੀਆਂ ਦੇ ਆਉਣ ਤੇ ਉਹਨਾਂ ਨੂੰ ਇੰਨੀ ਤਕਲੀਫ਼ ਹੈ ਤਾਂ ਫਿਰ ਔਰਤਾਂ ਨੂੰ ਚਾਹੀਦਾ ਹੈ ਕਿ ਉਹ ਇੰਨੀਆਂ ਕੁੜੀਆਂ ਜੰਮਣ ਕਿ ਦੁਨੀਆਂ ਕੁੜੀਆਂ ਨਾਲ ਹੀ ਭਰ ਜਾਵੇ। ਜਮਾਂਦਾਰੀਨੀਆਂ ਫਿਰ ਗੀਤ ਗਾਉਂਦੀਆਂ ਹਨ ਜਿਸ ਦਾ ਭਾਵ ਹੈ ਕਿ ਜੇ ਔਰਤ ਬੱਚੇ ਜੰਮਣ ਸਮੇਤ ਸਾਰੇ ਕੰਮ

ਛੱਡ ਦੇਵੇ ਤਾਂ ਮਰਦ ਦਾ ਕੀ ਹਾਲ ਹੋਵੇਗਾ। ਇਕ ਆਵਾਜ਼ ਫਰੀਦਾ ਨੂੰ ਮੁਬਾਰਕ ਦਿੰਦੀ ਹੈ ਕਿ ਉਸਦੇ ਘਰ ਧੀ ਨੇ ਜਨਮ ਲਿਆ ਹੈ ਖਾਵੰਦ ਆਵਾਜ਼, ਕੀ ਬੇਟੀ ਹੋਈ ਹੈ। ਫਰੀਦਾ ਉਸਨੂੰ ਪੁੱਛਦੀ ਹੈ ਕਿ ਉਹ ਚੁੱਪ ਕਿਉਂ ਕਰ ਗਿਆ ਹੈ ਤਾਂ ਅੱਗੋਂ ਉਹ ਜਵਾਬ ਦਿੰਦਾ ਹੈ :

> 'ਤੇ ਹੋਰ ਕੀ ਨੱਚਾ ਗਾਵਾਂ? ਤੂੰ ਖਾਨਦਾਨ ਵਿਚ ਨੱਕ ਕਟਵਾ ਦਿੱਤਾ ਏ ਮੇਰਾ। ਜ਼ਲੀਲ ਔਰਤ (ਥੱਪੜ ਦੀ ਆਵਾਜ਼) ਸਪਾਟ ਰੋਸ਼ਨ ਹੁੰਦਾ ਏ ਤੇ ਖਾਵੰਦ ਆਪਣੀ ਗੱਲ ਮਲਦਾ ਨਜ਼ਰ ਆਉਂਦਾ ਤੇ ਫਿਰ ਫਰੀਜ਼ ਹੋ ਜਾਂਦਾ ਏ)।'[13]

ਇਸ ਪ੍ਰਕਾਰ ਇਹ ਨਾਟਕ ਔਰਤ ਦੇ ਮਾਨਸਿਕ ਰੂਪ ਵਿਚ ਜਾਗਰਿਤ ਹੋਣ ਦੀ ਕਹਾਣੀ ਪੇਸ਼ ਕਰਦਾ ਹੈ। 'ਧੀ ਰਾਣੀ' ਸ਼ਾਹਿਦ ਨਦੀਮ ਦੁਆਰਾ ਲਿਖਿਆ ਗਿਆ ਨਾਟਕ ਹੈ ਇਹ ਇਕ ਪਰਿਵਾਰਕ ਰਿਸ਼ਤਿਆਂ ਵਿਚ ਬੱਝੀ ਧੀ ਦੀ ਕਹਾਣੀ ਹੈ ਜਿਹੜੀ ਆਪਣੀ ਖਵਾਹਿਸ਼ਾਂ ਦੀ ਪੂਰਤੀ ਲਈ ਵੀ ਆਪਣੇ ਘਰ ਪਰਿਵਾਰ ਦੇ ਮੈਂਬਰਾਂ ਨੂੰ ਜਵਾਬਦੇਹ ਹੈ। ਉਹ ਪੜ੍ਹਨਾ ਚਾਹੁੰਦੀ ਹੈ ਤਾਂ ਘਰਦਿਆਂ ਨੂੰ ਦਿੱਕਤ ਹੈ ਭਰਾ ਇਹ ਸੋਚਕੇ ਪ੍ਰੇਸ਼ਾਨ ਹੈ ਕਿ ਉਸਦੀ ਭੈਣ ਉਸਦੇ ਤੋਂ ਵੱਧ ਪੜ੍ਹ ਜਾਵੇਗੀ। ਧੀ ਜੇਕਰ ਸ਼ਾਇਰੀ ਦੀਆਂ ਕਿਤਾਬਾਂ ਪੜ੍ਹਨ ਦਾ ਸ਼ੌਂਕ ਹੈ ਤਾਂ ਪਿਉ ਤੇ ਚਾਚੇ ਨੂੰ ਪ੍ਰੇਸ਼ਾਨੀ ਹੈ ਉਹਨਾਂ ਨੂੰ ਦਿੱਕਤ ਹੈ ਕਿ ਕਿਤੇ ਉਹ ਹੀਰ ਰਾਂਝੇ ਦੇ ਕਿੱਸੇ ਦੀ ਕਹਾਣੀ ਉਹਨਾਂ ਦੇ ਘਰੇ ਨਾ ਵਾਪਰ ਜਾਵੇ। ਜੇਕਰ ਉਹ ਆਪਣੀ ਸਹੇਲੀ ਨੂੰ ਮਿਲਣ ਜਾਣਾ ਚਾਹੁੰਦੀ ਹੈ ਤਾਂ ਵੀ ਉਸਨੂੰ ਆਗਿਆ ਨਹੀਂ। ਜੇਕਰ ਉਹ ਸੱਜਣਾ ਸੰਵਰਾ ਚਾਹੁੰਦੀ ਹੈ ਤਾਂ ਪਿਉ ਕਹਿੰਦਾ ਹੈ ਗੱਲ ਅਸੂਲ ਦੀਏ। ਚੰਗੇ ਘਰਾਂ ਦੀਆਂ ਕੁੜੀਆਂ ਸੁਰਮਾ ਨਹੀਂ ਲਾਂਦੀਆਂ। ਸੱਜਦੀਆਂ ਬਣਦੀਆਂ ਨਹੀਂ ਤੇ ਨਾਟਕ ਦੇ ਅੰਤ ਵਿਚ ਧੀ ਰਾਣੀ ਕਹਿੰਦੀ ਹੈ : ਪੁਰਾਣੇ ਜ਼ਮਾਨੇ ਵਿਚ ਜਾਹਲ ਲੋਕੀ ਧੀਆਂ ਨੂੰ ਜੰਮਦਿਆਂ ਹੀ ਦਫ਼ਨ ਕਰ ਦਿੰਦੇ ਸਨ ਤੇ ਅੱਜ ਦੇ ਸਮਝਦਾਰ ਲੋਕੀ ਧੀਆਂ ਨੂੰ ਇਹਨਾਂ ਧੀ ਰਾਣੀਆਂ ਬਣਾ ਕੇ ਘਰਾਂ ਵਿਚ ਦਫ਼ਨ ਕਰ ਦੇਣਾ ਚਾਹੁੰਦੇ ਨੇ। ਧੀਆਂ ਅੱਖਾਂ ਦੀ ਠੰਡਕ ਨੇ। ਘਰ ਦਾ ਚੈਨ ਨੇ ਪਰ ਉਹਦੇ ਨਾਲ-ਨਾਲ ਦਿਮਾਗ ਤੇ ਦਿਲ ਰੱਖਣ ਵਾਲੀਆਂ ਇਨਸਾਨ ਵੀ ਨੇ, ਉਹਨਾਂ ਕੋਲ ਸੋਚਣ ਦਾ, ਲਿਖਣ ਪੜ੍ਹਨ ਦਾ, ਤਾਜ਼ਾ ਹਵਾ ਵਿਚ ਸਾਹ ਲੈਣ ਤੇ ਮਾਸਰੇ (ਦੇਸ਼) ਵਿਚ ਮੁਫੀਦ (ਵਧੀਆ) ਕੰਮ ਕਰਨ ਦਾ ਹੱਕ ਖੋਹਣ ਉਹਨਾਂ ਦੀ ਇਨਸਾਨੀਅਤ ਤੋਂ ਇਨਕਾਰ ਕਰਨਾ ਏ। ਧੀ ਰਾਣੀ ਨੂੰ ਰਾਣੀ ਮੰਨੋ ਨਾ ਮੰਨੋ ਇਨਸਾਨ ਤੇ ਮੰਨੋ।'[14] ਇਹ ਨਾਟਕ 'ਸ਼ਰਮ ਦੀ ਗੱਲ' ਸ਼ਾਹਿਦ ਨਦੀਮ ਦੁਆਰਾ ਲਿਖਿਆ ਗਿਆ ਨਾਟਕ ਹੈ ਜੋ ਇਕ ਔਰਤ ਦੇ ਨਾਲ ਰੇਪ ਹੋ ਜਾਣ ਤੇ ਉਸ ਔਰਤ ਦੇ ਘਰ ਪਰਿਵਾਰ ਦੇ ਮੈਂਬਰਾਂ ਦੀ ਖਾਸ ਤੌਰ ਤੇ ਮਾਂ ਦੀ ਮਾਨਸਿਕਤਾ ਦੀ ਪੇਸ਼ਕਾਰੀ ਕਰਦਾ ਹੈ। ਪੁਲਿਸ ਵਾਲੇ ਗੰਦੇ ਤਰੀਕੇ ਨਾਲ ਸਵਾਲ ਜਵਾਬ ਕਰਦੇ ਹਨ। ਅਖ਼ਬਾਰ ਵਾਲੇ ਆਪਣੇ ਅਖ਼ਬਾਰ ਦੀ ਪਬਲੀਸੀਟੀ ਲਈ ਗਲਤ ਤਰੀਕੇ ਨਾਲ ਕੁੜੀ ਦੇ ਇੰਟਰਵਿਊ ਲੈਂਦੇ ਹਨ। ਹਸਪਤਾਲ ਵਾਲੇ ਗਰੀਬ ਪਰਿਵਾਰ ਦੀ ਕੁੜੀ ਹੋਣ ਕਾਰਨ ਤੇ ਮੁਜ਼ਲਿਮ ਪਰਿਵਾਰ ਦੇ ਅਮੀਰ ਹੋਣ ਤੇ ਉਹਨਾਂ ਤੋਂ ਪੈਸੇ ਵੱਧ ਮਿਲਣ ਕਾਰਨ ਉਸ ਦੀ ਰਿਪੋਰਟ ਦੀ ਸਹੀ ਜਾਣਕਾਰੀ ਨਹੀਂ ਦਿੰਦੇ ਤੇ ਮੈਜਿਸਟ੍ਰੇਟ ਗਵਾਹ ਪੂਰੇ ਹੋਣ ਕਾਰਨ ਸਹੀ ਫੈਸਲਾ ਨਹੀਂ ਦਿੰਦਾ ਤੇ ਕਹਿੰਦਾ ਹੈ ਜਿਹੜੇ ਇਲਜ਼ਾਮ ਲਗਾਏ ਸਨ ਉਹ ਸਾਬਤ ਨਹੀਂ ਹੋਏ। ਜਿਦਾ ਮਤਲਬ ਐ ਕਿ ਮਲਕ ਸਾਹਬ ਤੇ ਉਹਨਾਂ ਦੇ ਸਾਹਬਜ਼ਾਦੇ ਦੀ ਖਾਹਮਖਾਹ ਬਦਨਾਮੀ ਹੋਈ ਹੈ। ਇਸ ਲਈ ਤੈਨੂੰ ਤਿੰਨ ਮਹੀਨੇ ਦੀ ਕੈਦ ਦੀ ਸਜ਼ਾ ਦਿੱਤੀ ਜਾਂਦੀ ਹੈ। ਮਾਂ ਕਹਿੰਦੀ ਹੈ ਕਿ ਇਹਨਾਂ ਕਸੂਰ ਕੀ ਹੈ ਇਹ ਤੇ ਖੁਦ ਇਨਸਾਫ਼ ਮੰਗਣ ਆਈ ਹੈ। ਫੇਰ ਅਦਾਲਤ ਬਰਖਾਸਤ ਹੋ ਜਾਂਦੀ ਹੈ ਤੇ ਸਾਰੇ ਧਰਮ ਦੀ ਗੱਲ ਸ਼ਰਮ ਦੀ ਗੱਲ ਉੱਚੀ ਬੋਲਦੇ ਹਨ ਤੇ ਕੁੜੀ ਤੇ ਉਂਗਲਾਂ ਚੁੱਕਦੇ ਹਨ ਫੇਰ ਕੁੜੀ ਕਹਿੰਦੀ ਹੈ:

> 'ਕਿਸੇ ਦਰਿੰਦੇ ਦੀ ਦਰਿੰਦਗੀ ਦਾ ਸ਼ਿਕਾਰ ਹੋਣਾ ਸ਼ਰਮ ਦੀ ਗੱਲ ਏ ਜਾਂ ਉਸ ਦਰਿੰਦਗੀ ਤੇ ਵਾਹ-ਵਾਹ ਕਰਨਾ ਤੇ ਦਰਿੰਦੀਆਂ ਨੂੰ ਹੱਲਾਸ਼ੇਰੀ ਦੇਣਾ ਸ਼ਰਮ ਦੀ ਗੱਲ ਹੈ। ਮਜ਼ਲੂਮ ਤੇ ਮਜ਼ਬੂਰ ਔਰਤ ਨੂੰ ਅਛੂਤ ਤੇ ਚੋਰ ਬਣਾ ਦੇਣਾ ਸ਼ਰਮ ਦੀ ਗੱਲ ਏ? ਜਾਂ ਉਹਦੇ ਲਈ ਇਨਸਾਫ਼ ਦੇ ਦਰਵਾਜੇ ਬੰਦ ਕਰ ਦੇਣਾ ਸ਼ਰਮ ਦੀ ਗੱਲ ਏ। ਮੈਂ ਤੁਹਾਡੇ ਕੋਲੋਂ ਪੁੱਛਦੀਆਂ ਇਹ ਬੇਸ਼ਰਮੀ ਕਦੋਂ ਤਕ ਹੁੰਦੀ ਰਹੈਗੀ। ਬੋਲੋ ਚੁੱਪ ਕਿਉਂ ਓ! ਕਦੋਂ ਤਕ ਹੁੰਦਾ ਰਹੈਗਾ। ਇਹ ਜੁਲਮ ਕਦੋਂ ਤਕ ਤੁਸੀਂ ਮੂੰਹ ਪਰਾਂ ਕਰਦੇ ਰਹੋਗੇ। ਤੁਸੀਂ ਚੁੱਪਓ ਜਿਹੜੀ ਸ਼ਰਮ ਦੀ ਗੱਲ ਐ।'[15]

ਸ਼ਾਹਿਦ ਨਦੀਮ ਦੁਆਰਾ ਲਿਖਿਆ ਨਾਟਕ 'ਇਕ ਸੀ ਨਾਨੀ' ਉਸ ਔਰਤ ਦੀਆਂ ਆਪਣੀਆਂ ਇੱਛਾਵਾਂ ਨੂੰ ਪੇਸ਼ ਕਰਦਾ ਨਾਟਕ ਹੈ ਜਿਸ ਦੀ ਮੁੱਖ ਪਾਤਰ 'ਨਾਨੀ' ਔਰਤ ਨੂੰ ਉਸਦੇ ਹੱਕਾਂ ਪ੍ਰਤੀ ਸੁੱਚੇਤ ਕਰਨ ਲਈ ਯਤਨਸ਼ੀਲ ਹੈ। ਨਾਨੀ ਦੇ ਆਗਮਨ ਅਤੇ ਉਸ ਦੇ ਦੁਆਰਾ

ਕੀਤੇ ਬਦਲਾਅ ਔਰਤਾਂ ਦੇ ਅੰਦਰਲੇ ਅਸਲੀ ਬਦਲਾਅ ਲਈ ਯਤਨਸ਼ੀਲ ਹੋ ਨਿੱਬੜਦੇ ਹਨ ਜੋ ਸਮਾਜ ਦੀਆਂ ਰੋਕਾਂ ਵਿਰੁੱਧ ਟਕਰਾਅ ਲਈ ਖੜ੍ਹੇ ਹਨ।

ਇਸੇ ਪ੍ਰਕਾਰ ਸ਼ਾਹਿਦ ਨਦੀਮ ਆਪਣੇ ਨਾਟਕ 'ਇਕ ਸੀ ਨਾਨੀ' ਵਿਚ ਦੋ ਔਰਤਾਂ ਦੀ ਕਥਾ ਦੇ ਹਵਾਲੇ ਨਾਲ ਆਪਣੇ ਪ੍ਰਗਤੀਸ਼ੀਲ ਨਜ਼ਰੀਏ ਨੂੰ ਪੇਸ਼ ਕਰਦਾ ਹੈ। ਨਾਟਕ ਵਿਚ ਨਾਨੀ ਪਾਤਰ ਪੜ੍ਹੀ ਲਿਖੀ ਹੋਣ ਕਰਕੇ ਔਰਤ ਦੀ ਅਤੇ ਉਸ ਦੇ ਇਨਸਾਨੀ ਹੱਕਾਂ ਪ੍ਰਤੀ ਸੁਚੇਤ ਹੈ। ਉਹ ਪਾਕਿਸਤਾਨੀ ਸਮਾਜ ਵਿਚ ਧਰਮ ਦੀ ਸੰਸਥਾ ਦੁਆਰਾ ਬਣਾਏ ਗਏ ਥੋਥੇ ਸਮਾਜਿਕ ਰੀਤੀ ਰਿਵਾਜਾਂ ਦਾ ਵਿਰੋਧ ਕਰਦੀ ਹੈ। ਪਰੰਤੂ ਨਾਟਕ ਵਿਚ ਦੂਸਰੀ ਔਰਤ ਦੇ ਰੂਪ ਵਿਚ ਦਾਦੀ ਪਾਤਰ ਅਜਿਹੀ ਔਰਤ ਹੈ ਜੋ ਧਾਰਮਿਕ ਅਤੇ ਸਮਾਜਿਕ ਰਵਾਇਤਾਂ ਅਨੁਸਾਰ ਜੀਵਨ ਜਿਉਣ ਨੂੰ ਤਰਜੀਹ ਦਿੰਦੀ ਹੈ। ਪਾਕਿਸਤਾਨੀ ਸਮਾਜ ਵਿਚ ਕਦੇ ਧਰਮ ਦੇ ਨਾਂ ਤੇ ਕਦੇ ਰਵਾਇਤਾਂ ਦੇ ਨਾਂ ਤੇ ਇਨਸਾਨ ਉਤੇ ਪਾਬੰਦੀਆਂ ਲਗਾਈਆਂ ਜਾਂਦੀਆਂ ਹਨ। ਪਰੰਤੂ ਨਾਟਕ ਵਿਚ ਨਾਨੀ ਅਜਿਹੀ ਧਾਰਮਿਕ ਕੱਟੜਤਾ ਦਾ ਵਿਰੋਧ ਕਰਦੀ ਹੈ।ਜੋ ਇਨਸਾਨ ਦੀ ਮਨੁੱਖੀ ਹੋਂਦ ਨੂੰ ਪ੍ਰਵਾਨ ਹੀ ਨਹੀਂ ਕਰਦੀ। ਨਾਨੀ ਇਸ ਵਿਚਾਰ ਦੀ ਧਾਰਨੀ ਹੈ ਕਿ ਕਿਸੇ ਨੂੰ ਕੋਈ ਹੱਕ ਨਹੀਂ ਕਿ ਉਹ ਸਾਨੂੰ ਇਹ ਦੱਸੇ ਕਿ ਅਸੀਂ ਆਪਣੀ ਜ਼ਿੰਦਗੀ ਕਿਵੇਂ ਜਿਊਣੀ ਹੈ। ਨਾਟਕ ਵਿਚ ਨਾਨੀ ਅਜਿਹੀਆਂ ਧਾਰਮਿਕ ਰਵਾਇਤਾਂ ਅਤੇ ਕਰਮਕਾਂਡਾਂ ਦਾ ਖੰਡਣ ਕਰਦੀ ਕਹਿੰਦੀ ਹੈ:

'ਨਾਨੀ- ਠੀਕ ਹੈ ਇਥੋਂ ਦੇ ਹਾਲਾਤ ਹੋਰ ਤਰਾਂ ਦੇ ਹਨ। ਪਾਬੰਦੀਆਂ ਹਨ। ਪਰ ਹਰ ਚੀਜ਼ ਦੀ ਹੱਦ ਹੁੰਦੀ ਹੈ ਸਾਬਰਾ। ਮੈਨੂੰ ਤੇ ਲਗਦਾ ਹੈ ਕਿ ਤੂੰ ਕੁਝ ਜ਼ਿਆਦਾ ਹੀ ਰਵਾਇਤ ਪਸੰਦ ਬਣ ਗਈ ਏਂ।

ਦਾਦੀ- ਤੂੰ ਨਹੀਂ ਸਮਝ ਸਕਦੀ ਤਾਹਿਰਾ ਆਪਾ। ਇਨਸਾਨ ਨੂੰ ਆਪਣੇ ਮਾਹੌਲ ਦੇ ਮੁਤਾਬਿਕ ਆਪਣੇ ਆਪ ਨੂੰ ਢਾਲਣਾ ਪੈਂਦਾ ਹੈ। ਆਖਿਰ ਆਪਣੇ ਮਜ਼ਹਬ ਅਤੇ ਰਵਾਇਤ ਨੂੰ ਮੰਨਣ ਵਿਚ ਕੀ ਬੁਰਾਈ ਹੈ.।

ਨਾਨੀ- ਮੈਂ ਇਹ ਕਦੋਂ ਕਿਹਾ ਕਿ ਬੁਰਾਈ ਹੈ। ਮੈਂ ਤਾਂ ਇਹ ਕਹਿ ਰਹੀ ਸੀ ਕਿ ਆਪਣੀ ਜ਼ਿੰਦਗੀ ਆਪਣੀ ਹੁੰਦੀ ਹੈ, ਸਾਬਰਾ ਅਸੀਂ ਇਸ ਨੂੰ ਅਸੀਂ ਖੁਦ ਹੀ ਗੁਜ਼ਾਰਨਾ ਹੁੰਦਾ ਹੈ। ਕਿਸੇ ਦੂਸਰੇ ਨੂੰ ਇਹ ਹੱਕ ਨਹੀਂ ਪਹੁੰਚਦਾ ਕਿ ਉਹ ਸਾਡੀ ਜ਼ਿਦਗੀ ਸਾਡੇ ਲਈ ਗੁਜ਼ਾਰੇ ਸਾਨੂੰ ਇਹ ਦੱਸੇ ਕਿ ਅਸੀਂ ਕੀ ਖਾਣਾ ਹੈ, ਕੀ ਪਹਿਨਣਾ ਹੈ, ਕੀ ਸੋਚਣਾ ਹੈ।'[16]

ਸ਼ਾਹਿਦ ਨਦੀਮ ਨਾਟਕ ਦੇ ਅੰਤ ਵਿਚ ਨਾਨੀ ਦੇ ਅਜਿਹੇ ਵਿਚਾਰਾਂ ਨੂੰ ਧਾਰਮਿਕ ਜਕੜਬੰਦੀ ਤੇ ਜਿੱਤ ਵਜੋਂ ਪੇਸ਼ ਕਰਦਾ ਹੈ।

ਇੰਜ ਹੀ ਸ਼ਾਹਿਦ ਨਦੀਮ ਆਪਣੇ ਨਾਟਕ ਤੀਸਰੀ ਦਸਤਕ ਦੇ ਜ਼ਰੀਏ ਬੁਰਜੂਆ ਸ਼੍ਰੇਣੀ ਦੇ ਪ੍ਰਤੀ ਔਰਤ ਜਾਤੀ ਵੱਲੋਂ ਵਿਦਰੋਹ ਦੀ ਸੁਰ ਉਜਾਗਰ ਹੁੰਦੀ ਹੈ। ਜਦੋਂ ਨਾਟਕ ਦੀ ਪਾਤਰ ਜ਼ਮੀਲਾ ਕਹਿੰਦੀ ਹੈ:

ਜ਼ਮੀਲਾ : ਤੂੰ ਕੀ ਸਮਝਦਾ ਹੈ ਕਿ ਤੂੰ ਖੁਦਾ ਹੈ ਏਂ ਕੜੀ ਦਾ। ਜਿਸਨੂੰ ਚਾਹਵੇਂ ਤੂੰ ਇੱਜ਼ਤ ਦੇਵੇਂ, ਜਿਸਨੂੰ ਚਾਹਵੇਂ ਉਸਨੂੰ ਜ਼ਿਲਤ । ਤੂੰ ਸਮਝਦਾ ਏਂ ਕਿ ਤੈਨੂੰ ਫੜਨ ਵਾਲਾ ਕੋਈ ਨਹੀਂ ? ਜਿਸਦੀ ਚਾਹਵੇਂ ਤੂੰ ਇਜ਼ਤ ਨੂੰ ਹੱਥ ਪਾ ਲਵੇਂ ਜਿਸ ਕਿਸੇ ਦੀ ਚਾਹਵੇਂ ਤੂੰ ਪੱਗ ਨੂੰ ਹੱਥ ਪਾ ਲਵੇਂ । ਇਕ ਦਿਨ ਤੇਰਾ ਹਿਸਾਬ ਹੋਏਗਾ ਜਾਲਮਾਂ । ਇਕ ਇਕ ਦਾਗ ਜਿਹੜਾ ਤੂੰ ਮੇਰੇ ਦਾਮਨ ਤੇ ਲਗਾਇਆ ਏ, ਉਸਦਾ ਹਿਸਾਬ ਹੋਏਗਾ। ਤੂੰ ਮੇਰੀਆਂ ਮਜ਼ਬੂਰੀਆਂ ਨਾਲ ਖੇਡਿਆਂ ਏਂ ਕਮੀਨਿਆਂ..। '[17]

ਇੰਜ ਹੀ 'ਮੈਕੂੰ ਕਾਰੀ ਕਰੇਂਦੇ ਨੀ ਮਾਏ' 'ਲਘੂ ਨਾਟਕ' ਲੇਖਕ 'ਸਾਹਿਦ ਨਦੀਮ' ਦੁਆਰਾ ਲਿਖਿਆ ਗਿਆ ਹੈ। ਇਹ ਨਾਟਕ ਅਸਲ ਵਿਚ ਔਰਤ ਦੀ ਸਮਾਜਿਕ ਹਾਲਤ ਤੇ ਤ੍ਰਾਸਦੀ ਅਧਾਰਿਤ ਹੈ ਤੇ ਅਸਲ ਵਿਚ ਔਰਤ ਦੀ ਏਕਤਾ ਤੇ ਅੰਤ ਵਿਚ ਜਾਗ੍ਰਿਤ ਹੋ ਕੇ ਮਰਦਾਂ ਦੇ ਵਿਰੋਧ ਵਿਚ ਖੜ੍ਹੇ ਹੋਕੇ ਆਪਣੇ ਹੱਕ ਲੈਣ ਪ੍ਰਤੀ ਸੁਚੇਤ ਹੋਣ ਤਕ ਦਾ ਸਫ਼ਰ ਹੈ। ਸ਼ੁਰੂ ਸ਼ੁਰੂ ਦੇ ਸੀਨ ਇਕ ਸ਼ੋਰ ਤੇ ਕੁੱਟਮਾਰ ਦੀਆਂ ਅਵਾਜ਼ਾਂ ਆਉਂਦੀਆਂ ਹਨ ਤੇ ਅੰਤ ਵਿਚ ਗੋਲੀ ਦੀ ਅਵਾਜ਼, ਚੀਕ ਤੇ ਫਿਰ ਖਾਮੋਸ਼ੀ ਹੋ ਜਾਂਦੀ ਹੈ। ਦੂਸਰੇ ਸੀਨ ਵਿਚ ਪ੍ਰਤੀਕਾਤਮਕ ਢੰਗ ਨਾਲ ਔਰਤਾਂ ਦੇ ਮਰਦਾਂ ਦੇ ਘੇਰੇ ਵਿਚ ਕੈਦ ਹੋਣ ਦੀ ਸਥਿਤੀ ਨੂੰ ਉਲੀਕਿਆ ਹੈ। ਜਿਵੇਂ ਸੀਨ ਵਿਚ ਪੇਸ਼ ਕੀਤਾ ਨਜ਼ਰ ਆਉਂਦਾ ਹੈ।

ਅਸਲ ਵਿਚ ਨਾਟਕ ਵਿਚ ਮਰਦ ਆਪਣੇ ਜ਼ੁਲਮ ਤੋਂ ਬਚਣ ਲਈ ਕਈ ਤਰੀਕੇ ਅਪਨਾਉਂਦਾ ਹੈ ਤੇ ਅੰਤ ਔਰਤਾਂ ਨੂੰ ਨਿਸ਼ਾਨਾਂ ਬਣਾ ਕੇ ਆਪਣੀਆਂ ਗਲਤੀਆਂ ਲੁਕਾਉਂਦਾ ਹੈ ਤੇ ਇਸ ਨਾਟਕ ਵਿਚ ਉਮਰ ਦਰਾਜ਼ ਆਪਣੀ ਗਲਤੀ ਤੋਂ ਮੁਨਕਰ ਹੋਣ ਲਈ ਹੋਰ ਹੀ ਕਹਾਣੀ

ਘੜਦਾ ਹੈ ਤੇ ਸਾਰੀਆਂ ਔਰਤਾਂ ਨੂੰ ਇਕ ਕਮਰੇ ਵਿਚ ਬੰਦ ਕਰ ਲੈਂਦਾ ਹੈ ਤੇ ਔਰਤ ਨੂੰ ਉਸ ਮਰੇ ਹੋਏ ਮਰਦ ਨਾਲ ਮਾੜੀ ਹੋਣ ਦੇ ਦੋਸ਼ ਵਿਚ ਉਸ ਮਰਦ ਨੂੰ ਮਾਰਨ ਤੇ ਔਰਤ ਨੂੰ ਮਾਰਨ ਦੀ ਕਹਾਣੀ ਘੜਦਾ ਹੈ ਤੇ ਇਹ ਕਹਾਣੀ ਇਸ ਵਾਰਤਾਲਾਪ ਤੋਂ ਸਿਖਰ ਵੱਲ ਜਾਂਦੀ ਹੈ।

ਉਮਰ ਦਰਾਜ਼ : ਮੈਂ ਆਪਣੇ ਦੂਹ ਸੰਗਤੀਆਂ ਨਾਲ ਤ੍ਰਿਖੇ-ਤ੍ਰਿਖੇ ਜ਼ਨਾਨਖਾਨੇ ਵੱਲ ਦੌੜਿਆ। ਉਥੇ ਮੈਂ ਡਿੱਠਾ, ਜੋ ਨਾਲ ਦੀ ਵਸਤੀ ਕੇ ਗਾਲੀਂ ਕਰੇਂਦਾ ਪਿਆ ਆ ਹੀ।

ਸਰਦਾਰ : ਕਿਲੇ ਜ਼ਨਾਨੀ ਨਾਲ! ਸਾਡੇ ਕਬੀਲੇ ਦੀ ਜ਼ਨਾਨੀ ਨਾਲ?

ਉਮਰ ਦਰਾਜ਼ : ਹਾਂ! ਸਾਡੇ ਆਪਣੇ ਕਬੀਲੇ ਦੀ ਜ਼ਨਾਨੀ ਨਾਲ।

ਸਰਦਾਰ : ਇਹ ਨ੍ਹਈਂ ਥੀ ਸਕਦਾ।

ਉਮਰ ਦਰਾਜ਼ : ਤੁਹਾਡਾ ਮਤਲਬ ਐ ਮੈਂ ਝੂਠ ਬੁਲੇਂਦਾ ਪਿਆ ਹਾਵਾ ਸਰਦਾਰ ਸਾਈਂ। ਮੈਂ ਏਡਾ ਜ਼ਲੀਲ ਹਾਂ ਜੋ ਆਪਣੇ ਘਰਾਂ ਦੀਆਂ ਜ਼ਨਾਨੀਆਂ 'ਤੇ ਸ਼ੱਕ ਕਰਾਂ। ਬਗੈਰ ਕਿਹੇ ਸਬੂਤ ਦੇ।'[18]

ਇਸ ਨਾਟਕ ਵਿਚ ਇਕ ਪਹਿਲੂ ਇਹ ਵੀ ਉਭਰਕੇ ਸਾਹਮਣੇ ਆਉਂਦਾ ਹੈ ਕਿ ਜੇਕਰ ਔਰਤ ਮਰਦ ਦੀ ਮੰਗਣੀ ਮਾਪਿਆਂ ਦੀ ਮਰਜ਼ੀ ਨਾਲ ਹੋਵੇ ਤੇ ਰਿਸ਼ਤਾ ਅੱਗੇ ਵਧੇ ਤੇ ਕੋਈ ਇਤਰਾਜ਼ ਨਹੀਂ ਜੇਕਰ ਮੰਗਣੀ ਟੁੱਟ ਜਾਵੇ ਤਾਂ ਜੇਕਰ ਦੋਹਾਂ ਵਿਚ ਮੁਹੱਬਤ ਪੈਦਾ ਹੋ ਜਾਵੇ ਤੇ ਰਿਸ਼ਤਾ ਅੱਗੇ ਵਧਾਉਣ ਤੇ ਦੋਹਾਂ ਪਰਿਵਾਰਾਂ ਨੂੰ ਇਤਰਾਜ਼ ਹੁੰਦਾ ਹੈ ਤੇ ਇਹੀ ਗੱਲ ਫਰੀਦ ਨਾਟਕ ਵਿਚ ਕਹਿੰਦਾ ਹੈ:

ਫ਼ਰੀਦ : ਪਰ ਜੇ ਸਾਡੇ ਘਰਾਂ ਆਲੇ ਮੰਗਨੀ ਕਰਾ ਕੇ ਨੀਯਤ ਬਦਲ ਘਿਨਣ ਤੇ ਸ਼ਾਦੀ ਦੇ ਮੁਖਾਲਿਫ਼ ਥੀਂ ਵੰਜਣ ਤਾਂ ਵੱਲ ਅਸਾਂ ਕਿਆ ਕਰੂੰ।'[19]

ਅੰਤ ਵਿਚ ਨਾਰੀ ਸ਼ਕਤੀ ਔਰਤਾਂ ਦੇ ਸੰਗਠਿਤ ਹੋਣ ਨਾਲ ਨਾਟਕ ਵਿਚ ਪੇਸ਼ ਹੁੰਦੀ ਹੈ। ਨਾਟਕ ਜਿਥੋਂ ਸ਼ੁਰੂ ਹੋਇਆ ਸੀ ਉੱਥੇ ਹੀ ਮੁੱਕਦਾ ਹੈ ਪਹਿਲੇ ਸੀਨ ਤੋਂ ਅੰਤਲੇ ਸੀਨ ਵਿਚ ਸਿਰਫ਼ ਔਰਤ ਤੇ ਮਰਦਾ ਦੀਆਂ ਸਥਿਤੀਆਂ ਦਾ ਫਰਕ ਹੈ।

ਮੈਂ ਕਾਲੀ ਆ ਮੈਂ ਕਾਲੀ ਆਂ, ਮੈਂ ਕਾਲੀ ਕਰਮਾਂ ਵਾਲੀ ਆਂ।
ਮੈਂ ਕਾਲੀ ਰਾਤ ਦਾ ਦਾਨਣ ਹਾਂ, ਮੈਂ ਅੰਧਿਆਰੇ ਦੀ ਪਾਲੀ ਹਾਂ।
ਮੈਂ ਵਗਦੀ ਵਾ ਦਾ ਬੁੱਲਾ ਵਾਂ, ਮੈਂ ਖਿੜਦੇ ਫੁੱਲ ਦੀ ਲਾਲੀ ਹਾਂ।
ਮੈਂ ਖਿੜਦੇ ਫੁੱਲ ਦੀ ਲਾਲੀ ਹਾਂ...............
ਮੈਂ ਕਾਲੀ ਕਰਮਾਂ ਵਾਲੀ ਆਂ...................

(ਗੀਤ ਗਾਉਂਦੇ-ਗਾਉਂਦੇ ਸਾਰੇ ਬਾਹਰ ਚੱਲੇ ਜਾਂਦੇ ਹਨ)[20]

ਪਾਕਿਸਤਾਨੀ ਪੰਜਾਬੀ ਨਾਟਕ ਦੇ ਅਹਿਮ ਹਸਤਾਖ਼ਰਾਂ ਵਿਚ ਇਕ ਨਾ ਨਵਾਜ਼ ਦਾ ਹੈ। ਜਿਸਨੇ ਔਰਤ ਦੀ ਮਨੋਸਥਿਤੀ ਨੂੰ ਆਪਣੇ ਨਾਟਕਾਂ ਰਾਹੀਂ ਬਾਖ਼ੂਬੀ ਪੇਸ਼ ਕੀਤਾ ਹੈ। ਨਵਾਜ਼ ਨਾ ਕੇਵਲ ਮਨੋਵਿਗਿਆਨਕ ਸਮੱਸਿਆਵਾਂ ਦੀ ਪੇਸ਼ਕਾਰੀ ਵਿਚ ਨਿਪੁੰਨ ਹੈ ਸਗੋਂ ਉਹ ਸਥਿਤੀਆਂ ਦੇ ਮਨੋਵਿਗਿਆਨਕ ਵਿਸ਼ਲੇਸ਼ਣ ਵਿਚ ਵੀ ਕਾਮਯਾਬ ਹੈ। ਅਧਿਕਤਰ ਪਾਕਿਸਤਾਨੀ ਪੰਜਾਬੀ ਨਾਟਕਕਾਰਾਂ ਵਾਂਗ ਨਵਾਜ਼ ਵੀ ਮੂਲ ਰੂਪ ਵਿਚ ਰੇਡੀਓ ਨਾਟਕਕਾਰ ਹੈ। 'ਰਾਣੀ' ਨਾਟਕ ਨਵਾਜ਼ ਦੁਆਰਾ ਲਿਖਿਆ ਗਿਆ ਹੈ। ਜਿਸ ਦੇ ਕੁਲ ਛੇ ਪਾਤਰ ਜਮੀਲਾ, ਖਾਲਿਦ, ਅਨਵਰ, ਆਬਿਦਾ, ਰਾਣੀ ਮਾਈ ਹਨ। ਜਮੀਲਾ ਤੇ ਖਾਲਿਦ ਬੇਔਲਾਦ ਹਨ ਉਹਨਾਂ ਆਪਣੇ ਭਰਾ-ਭਰਜਾਈ ਅਨਵਰ ਤੇ ਆਬਿਦ ਦੀ ਧੀ ਰਾਣੀ ਨੂੰ ਗੋਦ ਲਿਆ ਹੋਇਆ ਹੈ ਦੋਨੋਂ ਰਾਣੀ ਨੂੰ ਬਹੁਤ ਲਾਡ ਲਡਾਉਂਦੇ ਹਨ ਪਰੰਤੂ ਫਿਰ ਜਮੀਲਾ ਦੇ ਮਨ ਵਿਚ ਡਰ ਹੈ ਕਿ ਉਸਦੀ ਅਸਲੀ ਮਾਂ ਉਸ ਨੂੰ ਲੈ ਨਾ ਜਾਵੇ, ਪਰੰਤੂ ਖਾਲਿਦ ਉਸਨੂੰ ਹੌਂਸਲਾ ਦਿੰਦਾ ਹੈ ਕਿ ਉਸਦੇ ਭਰਾ-ਭਰਜਾਈ ਉਸਨੂੰ ਬਹੁਤ ਪਿਆਰ ਕਰਦੇ ਹਨ ਉਹ ਅਜਿਹਾ ਨਹੀਂ ਕਰਨਗੇ। ਇਕ ਦਿਨ ਆਬਿਦ ਦਾ ਮਾਂ ਪਿਆਰ ਉਸਨੂੰ ਆਪਣੀ ਧੀ 'ਰਾਣੀ' ਨੂੰ ਵਾਪਿਸ ਲਿਆਉਣ ਲਈ ਉਤਾਵਲਾ ਕਰਦਾ ਹੈ ਤੇ ਉਹ ਆਪਣੀ ਧੀ ਨੂੰ ਵਾਪਿਸ ਲੈ ਆਉਂਦੀ ਹੈ ਤੇ ਜਮੀਲਾ ਬਹੁਤ ਰੋਂਦੀ ਤੇ ਦੁੱਖੀ ਹੁੰਦੀ ਹੈ ਤੇ ਉਹ ਸਕੂਲ ਜਾਣ ਸਮੇਂ ਉਸਦੀ (ਰਾਣੀ) ਦੀ ਹੋਂਦ ਦੇ ਅਹਿਸਾਸ ਲਈ ਭਿੱਜੀ ਆਵਾਜ਼ ਵਿਚ ਮਾਈ ਨੂੰ ਆਖਦੀ ਹੈ ਕਿ ਉਹ ਉਸਦੇ ਘਰ ਅਗੋਂ ਉਵੇਂ ਹੀ ਰਾਣੀ ਨੂੰ ਆਵਾਜ਼ ਦੇਕੇ ਲੰਘਿਆ ਕਰ ਜਿਵੇਂ

ਪਹਿਲਾਂ ਆਵਾਜ਼ ਦਿੰਦੀ ਸੀ ਤੇ ਉਹ ਉਸਨੂੰ ਉਵੇਂ ਹੀ ਰੁਪਈਆ ਦਿੰਦੀ ਰਹੇਗੀ। ਮਾਈ ਆਵਾਜ਼ ਦਿੰਦੀ ਹੈ ਮੁੰਨੀ, ਨਰਗਸ, ਰਾਣੀ ਤੇ ਜਮੀਲਾ ਸਿਸਕੀਆ ਲੈਣ ਲਗ ਜਾਂਦੀ ਹੈ ਤੇ ਖਾਲਿਦ ਉਸਨੂੰ ਆਪਣੇ ਮੋਢੇ ਨਾਲ ਲਾ ਲੈਂਦੇ ਹੈ। ਅਸਲ ਵਿਚ ਇਹ ਨਾਟਕ ਮਾਂ ਦੀ ਮਮਤਾ ਭਰਪੂਰ ਮਨੋਸਥਿਤੀ ਤੇ ਅਧਾਰਿਤ ਹੈ ਆਬਿਦ ਤੇ ਜਮੀਲਾ ਦੋਵੇਂ ਆਪਣੇ ਆਪਣੇ ਥਾਂ ਤੇ ਸਹੀ ਹਨ ਤੇ ਦੋਵੇਂ ਹੀ ਦੁਖਦ ਸਥਿਤੀ ਦਾ ਸਾਹਮਣਾ ਕਰ ਰਹੀਆਂ ਸਨ।

ਬਾਨੋ ਕੁਦਸੀਆ ਰਚਿਤ 'ਉਡਾਰੀ' ਨਾਟਕ ਔਰਤ ਦੇ ਕੌਲ-ਕਰਾਰ ਅਤੇ ਤਿਆਗ ਦੀ ਪੇਸ਼ਕਾਰੀ ਕਰਦਾ ਹੈ। ਬੀਬੀ ਖੁਰਸ਼ੀਦ ਆਪਣੇ ਪਤੀ ਨੂੰ ਦਿੱਤੇ ਕੌਲ ਨੂੰ ਸਭ ਕੁਝ ਤਿਆਗ ਕੇ ਵੀ ਪੂਰਾ ਕਰਦੀ ਹੈ। ਉਹ ਪੇਕੇ ਅਤੇ ਸਹੁਰੇ ਦੋਨਾਂ ਦਾ ਤਿਆਗ ਕਰਦੀ ਹੈ। ਇਸ ਨਾਟਕ ਵਿਚ ਔਰਤ ਦੀ ਬੇਬੱਸੀ ਬਾਰੇ ਵੀ ਪਤਾ ਚੱਲਦਾ ਹੈ। ਬੀਬੀ ਖੁਰਸ਼ੀਦ ਅਤੇ ਆਇਸ਼ਾ ਦੀ ਬੇਬਸੀ ਨੂੰ ਪੇਸ਼ ਕੀਤਾ ਹੈ। ਬੀਬੀ-ਪੁੱਤਾਂ ਦੇ ਪਿਆਰ ਅੱਗੇ ਬੇਬੱਸ ਹੁੰਦੀ ਹੈ। ਆਇਸ਼ਾ - ਨਿਆਜ਼ ਦੀ ਮੰਗ ਹੁੰਦੀ ਹੈ ਉਸਨੂੰ ਪਿਆਰ ਕਰਦੀ ਹੈ ਪਰ ਉਸਦਾ ਨਿਕਾਹ ਜ਼ਫ਼ਰ ਨਾਲ ਹੋ ਜਾਂਦਾ ਹੈ। ਦੋਨੋਂ ਤਿਆਗ ਕਰਕੇ ਸਭ ਠੀਕ ਕਰਨ ਦੀ ਹਿੰਮਤ ਕਰਦੀਆਂ।

ਮੇਜਰ ਇਸਤਾਕ ਮੁਹੰਮਦ' ਦੇ ਨਾਟਕ 'ਮੁਸੱਲੀ' ਵਿਚ ਔਰਤ ਦੀ ਸਥਿਤੀ ਨਿਘਾਰ ਵਾਲੀ ਦਿਖਾਈ ਗਈ ਹੈ ਉੱਥੋਂ ਸਾਬਾਂ ਜੋ ਕਿ ਨੀਵੀਂ ਜਾਤ ਨਾਲ ਸੰਬੰਧਿਤ ਹੋਣ ਕਰਕੇ ਅਤੇ ਨੀਵੀਂ ਜਾਤ ਦੇ ਕਿਰਤੀ ਦੀ ਮਲਕੀਤ ਹੋਣ ਦੇ ਬਾਵਜੂਦ ਆਪਣੇ ਆਪ ਨੂੰ ਰਸੂਖਵਾਲੇ ਕਹਾਉਣ ਵਾਲੇ ਅਖੌਤੀ ਵੱਡੀ ਜਾਤ ਦਾ ਮੁਜਾਹਰਾ ਦੇਣ ਵਾਲੇ ਮਰਦਾਂ ਦੀਆਂ ਲਲਚਾਈਆਂ ਤੇ ਵੇਸਵਾਗਮੀ ਭਰੀ ਨਜ਼ਰਾਂ ਦੀ ਸ਼ਿਕਾਰ ਹੋਈ ਪ੍ਰਤੀਤ ਹੁੰਦੀ ਹੇ। ਇਸ ਕਥਨ ਦੀ ਪੁਸ਼ਟੀ ਲੇਖਕ ਖੁਦ ਆਪ ਕਰਦਾ ਹੈ ਜਦੋਂ ਉਹ ਨਾਟਕ ਦੇ ਇਸ ਜਿਸਮਾਨੀ ਅੰਸ਼ ਨਾਲ ਹੁੰਦੀ ਵਿਤਕਰੇ ਵਾਲੀ ਮਾੜੀ ਵ੍ਰਿਤੀ ਪ੍ਰਤੀ ਆਪ ਕਹਿੰਦਾ ਹੈ। "ਔਰਤ ਨੂੰ ਸਮਾਜਕ ਵਰਤਾਰਾ 'ਲੋਟੀ ਦਾ ਮਾਲ' ਸਮਝਦਾ ਹੈ"[21] ਕਿਉਂਕਿ ਸਮਾਜ ਵਿਚ ਇਹ ਲੁੱਟ ਦਾ ਮਾਲ ਹੈ, ਜਿਹੜੇ ਜੋਰਾਵਰ ਦੇ ਹੱਥ ਚੜ ਗਿਆ ਉਹ ਲੈ ਜਾਂਦਾ ਹੈ, ਇਸ ਵਾਸਤੇ ਬਹੁ ਸਾਰੇ ਲੁਟੇਰੇ ਮੈਦਾਨ ਵਿਚ ਉਤਰੇ ਰਹਿੰਦੇ ਹਨ।

ਇਸ ਪ੍ਰਕਾਰ ਜੇਕਰ ਪਾਕਿਸਤਾਨੀ ਪੰਜਾਬੀ ਨਾਟਕ ਨੂੰ ਜੇਕਰ ਸੰਗਠਿਤ ਨਾਟਕ ਦੇ ਜ਼ਰੀਏ ਦੇਖੀਏ ਤਾਂ ਸਪਸ਼ਟ ਜ਼ਹਿਰ ਹੁੰਦਾ ਹੈ ਕਿ ਔਰਤ ਦੀ ਸਥਿਤੀ / ਦਿਸ਼ਾ ਆਰੰਭ ਤੋਂ ਹੀ ਬਹੁਤੀ ਵਧੀਆ ਨਹੀਂ ਰਹੀ ਤੇ ਉਸ ਨੂੰ ਮਰਦ ਪ੍ਰਧਾਨ ਸਮਾਜ ਨੇ ਹਮੇਸ਼ਾ ਦੁਜੈਲੇ ਪੱਧਰ ਦਾ ਦਰਜਾ ਦਿਤਾ ਹੈ ਤੇ ਔਰਤ ਖੁਦ ਵੀ ਦੂਸਰੇ ਪੱਧਰ ਦੀ ਨਾਗਰਿਕਤਾ ਪ੍ਰਾਪਤ ਕਰਨ ਵਿਚ ਖੁਦ ਦੋਸ਼ੀ ਰਹੀ ਹੈ ਅਤੇ ਆਪਣੀ ਤਰਸਯੋਗ ਹਾਲਤ ਆਪ ਨਿਹਾਰਨ ਪ੍ਰਤੀ ਘੱਟ ਯਤਨਸ਼ੀਲ ਰਹੀ ਹੈ।

ਉਪਰੋਕਤ ਤੋਂ ਬਾਅਦ ਕੁਝ ਸਿਟੇ ਤੇ ਸਥਾਪਨਾਵਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ। ਜੋ ਇਸ ਪ੍ਰਕਾਰ ਹਨ।

1. ਪਾਕਿਸਤਾਨੀ ਪੰਜਾਬੀ ਨਾਟਕ ਸਮਾਜ ਵਿਚ ਔਰਤ ਦੀ ਤ੍ਰਾਸਦਿਕ ਹਾਲਤ ਬਿਆਨਦਾ ਹੈ ਤੇ ਅਸਲ ਵਿਚ ਔਰਤਾਂ ਦੀ ਏਕਤਾ ਤੇ ਅੰਤ ਵਿਚ ਜਾਗ੍ਰਿਤ ਹੋ ਕੇ ਮਰਦਾਂ ਦੇ ਵਿਰੋਧ ਵਿਚ ਖੜ੍ਹੇ ਹੋ ਕੇ ਆਪਣੇ ਹੱਕ ਲੈਣ ਪ੍ਰਤੀ ਸੁਚੇਤ ਹੋਣ ਤਕ ਦਾ ਸਫ਼ਰ ਉਕਰਨ ਦੇ ਯਤਨ ਵਿਚ ਹੈ।
2. ਪਾਕਿਸਤਾਨੀ ਪੰਜਾਬੀ ਨਾਟਕ ਦੇ ਸਮਾਜ ਸਭਿਆਚਾਰਕ ਚੇਤਨ/ਅਵਚੇਤਨ ਦੇ ਅਧਿਐਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਪਾਕਿਸਤਾਨੀ ਸਮਾਜ ਵਿਚਲੀ ਆਰਥਿਕ ਸੰਰਚਨਾ ਦੇ ਬਦਲਾਵ ਕਾਰਨ ਰਿਸ਼ਤੇ-ਨਾਤੇਦਾਰੀ ਸੰਬੰਧਾਂ ਦੀ ਵਿਆਕਰਣ ਵੀ ਬਦਲ ਰਹੀ ਹੈ। ਰਿਸ਼ਤਿਆਂ ਵਿਚਲਾ ਮੋਹ-ਮੁਹੱਬਤ ਘੱਟ ਰਿਹਾ ਹੈ। ਇਸਤੋਂ ਇਲਾਵਾ ਮਰਦ ਪ੍ਰਧਾਨ ਪਾਕਿਸਤਾਨੀ ਸਮਾਜ ਵਿਚ ਔਰਤ ਦੀ ਦਮਨਸ਼ੀਲ ਸਥਿਤੀ ਨੂੰ ਪਾਕਿਸਤਾਨੀ ਪੰਜਾਬੀ ਨਾਟਕ ਬਾਖੂਬੀ ਪੇਸ਼ ਕਰਦਾ ਹੈ।
3. 'ਲੁੱਟਿਆ ਹਾਥੀ ਲੱਖ ਦਾ' ਨਾਟਕ ਦੇ ਇਸ ਜਿਸਮਾਨੀ ਅੰਸ਼ ਨਾਲ ਹੁੰਦੀ ਵਿਤਕਰੇ ਵਾਲੀ ਮਾੜੀ ਵ੍ਰਿਤੀ ਪ੍ਰਤੀ ਆਪ ਕਹਿੰਦਾ ਹੈ। "ਔਰਤ ਨੂੰ ਸਮਾਜਕ ਵਰਤਾਰਾ 'ਲੋਟੀ ਦਾ ਮਾਲ' ਸਮਝਦਾ ਹੈ
4. ਪਾਕਿਸਤਾਨੀ ਸਮਾਜ ਵਿਚ ਔਰਤ ਦਾ ਦਮਨ ਜਿਥੇ ਘੱਟ ਦਹੇਜ਼ ਲਿਆਉਣ ਕਰਕੇ ਹੁੰਦਾ ਹੈ ਉਥੇ ਔਰਤ ਉਤੇ ਇਹ ਦਮਨ ਲੜਕੀ ਨੂੰ ਜਨਮ ਦੇਣ ਕਾਰਨ ਵੀ ਹੁੰਦਾ ਹੈ। ਲੜਕੀ ਹੋਣ ਤੇ ਸਾਰਾ ਕਸੂਰ ਔਰਤ ਦਾ ਹੀ ਮੰਨਿਆ ਜਾਂਦਾ ਹੈ।

5. ਸ਼ਾਹਿਦ ਨਦੀਮ ਦਾ ਨਾਟਕ 'ਚੁੱਲ੍ਹਾ' ਉਨਾਂ ਔਰਤਾਂ ਦੇ ਦਮਨ ਦੀ ਬਾਤ ਪਾਉਂਦਾ ਹੈ ਜਿਨ੍ਹਾਂ ਦੀ ਜ਼ਿੰਦਗੀ ਘਰ ਤੋਂ ਰਸੋਈ ਤਕ ਸੀਮਤ ਹੈ। ਇਹ ਔਰਤਾਂ ਕਦੇ ਪਤੀ ਤੇ ਸੱਸ ਦੁਆਰਾ ਕੀਤੇ ਦਮਨ ਸੋਸ਼ਣ ਦਾ ਸ਼ਿਕਾਰ ਬਣਦੀਆਂ ਹਨ। ਕਦੇ ਦਾਜ਼ ਦੀ ਬਲੀ ਚੜਦੀਆਂ ਹਨ।
6. ਪਾਕਿਸਤਾਨੀ ਪੰਜਾਬੀ ਨਾਟਕ ਵਿਚ ਮਰਦਾਂ ਦੇ ਉਸ ਦੰਭੀ ਕਿਰਦਾਰ ਤੋਂ ਪਰਦਾ ਉਠਾਇਆ ਗਿਆ ਹੈ ਜਿਸ ਵਿਚ ਉਹ ਲੜਕੀਆਂ ਨੂੰ ਉਪਰੋਂ ਤਾਂ 'ਧੀ ਰਾਣੀਆਂ' ਕਹਿ ਕੇ ਬੁਲਉਂਦੇ ਹਨ ਪਰੰਤੂ ਜਦੋਂ ਉਹੀ ਲੜਕੀਆਂ ਤਾਲੀਮ ਹਾਸਿਲ ਕਰਨਾ ਚਾਹੁੰਦੀਆਂ ਹਨ ਇਸ ਦੇ ਵਿਰੋਧ ਵਿਚ ਮਰਦਾਂ ਦਾ ਪੱਖਪਾਤੀ ਵਤੀਰਾ ਸਾਹਮਣੇ ਆਉਂਦਾ ਹੈ।
7. ਪਾਕਿਸਤਾਨੀ ਸਮਾਜ ਵਿਚ ਔਰਤ ਦੇ ਦਮਨ ਸੋਸ਼ਣ ਲਈ ਜਿੰਮੇਵਾਰ ਉਥੋਂ ਦਾ ਇਸਲਾਮੀ ਕਾਨੂੰਨ ਹੈ ਜਿਹੜਾ ਔਰਤਾਂ ਅਤੇ ਘੱਟ ਗਿਣਤੀ ਫਿਰਕਿਆਂ ਵਿਰੁੱਧ ਵਿਤਕਰੇ ਦਾ ਪ੍ਰਮਾਣ ਹੈ। ਸਾਮੰਤੀ ਸਮਾਜ ਵਿਚ ਮਰਦ ਦੇ ਆਸ਼ਰਿਤ ਰਹਿਣ ਲਈ ਮਜ਼ਬੂਰ ਹੈ। ਔਰਤ ਦਾ ਮਰਦ ਦੇ ਆਸ਼ਰਿਤ ਰਹਿਣਾ ਉਸਦੀ ਸਵੈ ਹੋਂਦ ਲਈ ਸਭ ਤੋਂ ਵੱਡਾ ਦਮਨ ਸ਼ੋਸ਼ਣ ਹੈ। ਇਹੀ ਨਾਟਕ ਵਿਚਲੀ ਪਾਤਰ ਨਾਜੁਕ ਹੰਢਾ ਰਹੀ ਹੈ।
8. ਸ਼ਾਹਿਦ ਨਦੀਮ ਨਾਟਕ 'ਇਕ ਸੀ ਨਾਨੀ' ਦੇ ਅੰਤ ਵਿਚ ਨਾਨੀ ਦੇ ਅਜਿਹੇ ਵਿਚਾਰਾਂ ਨੂੰ ਧਾਰਮਿਕ ਜਕੜਬੰਦੀ ਤੇ ਜਿੱਤ ਵਜੋਂ ਪੇਸ਼ ਕਰਦਾ ਹੈ। ਇਸ ਨਾਟਕ ਵਿਚ ਦੋ ਔਰਤਾਂ ਦੀ ਕਥਾ ਦੇ ਹਵਾਲੇ ਨਾਲ ਆਪਣੇ ਪ੍ਰਗਤੀਸ਼ੀਲ ਨਜ਼ਰੀਏ ਨੂੰ ਪੇਸ਼ ਕਰਦਾ ਹੈ। ਨਾਟਕ ਵਿਚ ਨਾਨੀ ਪਾਤਰ ਪੜੀ ਲਿਖੀ ਹੋਣ ਕਰਕੇ ਔਰਤ ਦੀ ਅਤੇ ਉਸ ਦੇ ਇਨਸਾਨੀ ਹੱਕਾਂ ਪ੍ਰਤੀ ਸੁਚੇਤ ਹੈ। ਉਹ ਪਾਕਿਸਤਾਨੀ ਸਮਾਜ ਵਿਚ ਧਰਮ ਦੀ ਸੰਸਥਾ ਦੁਆਰਾ ਬਣਾਏ ਗਏ ਥੋਥੇ ਸਮਾਜਿਕ ਰੀਤੀ ਰਿਵਾਜਾਂ ਦਾ ਵਿਰੋਧ ਕਰਦੀ ਹੈ ਪਰੰਤੂ ਨਾਟਕ ਵਿਚ ਦੂਸਰੀ ਔਰਤ ਦੇ ਰੂਪ ਵਿਚ ਦਾਦੀ ਪਾਤਰ ਅਜਿਹੀ ਔਰਤ ਹੈ ਜੋ ਧਾਰਮਿਕ ਅਤੇ ਸਮਾਜਿਕ ਰਵਾਇਤਾਂ ਅਨੁਸਾਰ ਜੀਵਨ ਜਿਉਣ ਨੂੰ ਤਰਜੀਹ ਦਿੰਦੀ ਹੈ। ਪਾਕਿਸਤਾਨੀ ਸਮਾਜ ਵਿਚ ਕਦੇ ਧਰਮ ਦੇ ਨਾਂ ਤੇ ਕਦੇ ਰਵਾਇਤਾਂ ਦੇ ਨਾਂ ਤੇ ਇਨਸਾਨ ਉਤੇ ਪਾਬੰਦੀਆਂ ਲਗਾਈਆਂ ਜਾਂਦੀਆਂ ਹਨ। ਪਰੰਤੂ ਨਾਟਕ ਵਿਚ ਨਾਨੀ ਅਜਿਹੀ ਧਾਰਮਿਕ ਕੱਟੜਤਾ ਦਾ ਵਿਰੋਧ ਕਰਦੀ ਹੈ।ਜੋ ਇਨਸਾਨ ਦੀ ਮਨੁੱਖੀ ਹੋਂਦ ਨੂੰ ਪ੍ਰਵਾਨ ਹੀ ਨਹੀਂ ਕਰਦੀ। ਨਾਨੀ ਇਸ ਵਿਚਾਰ ਦੀ ਧਾਰਨੀ ਹੈ ਕਿ ਕਿਸੇ ਨੂੰ ਕੋਈ ਹੱਕ ਨਹੀਂ ਕਿ ਉਹ ਸਾਨੂੰ ਇਹ ਦੱਸੇ ਕਿ ਅਸੀਂ ਆਪਣੀ ਜ਼ਿੰਦਗੀ ਕਿਵੇਂ ਜ਼ਿਊਣੀ ਹੈ। ਨਾਟਕ ਵਿਚ ਨਾਨੀ ਅਜਿਹੀਆਂ ਧਾਰਮਿਕ ਰਵਾਇਤਾਂ ਅਤੇ ਕਰਮਕਾਂਡਾਂ ਦਾ ਖੰਡਣ ਕਰਦੀ ਰਹਿੰਦੀ ਹੈ।
9. ਪਾਕਿਸਤਾਨੀ ਪੰਜਾਬੀ ਨਾਟਕ ਦੀ ਮੂਲ ਧੁਨੀ ਇਹ ਹੈ ਕਿ ਇਨਸਾਨ ਨੇ ਹੀ ਇਨਸਾਨ ਦੀ ਪਹਿਚਾਨ ਦਾ ਆਧਾਰ ਜਾਤ, ਧਰਮ, ਭੇਖ ਅਤੇ ਬਾਹਰ ਮੁਖੀ ਚਿੰਨਾਂ ਨੂੰ ਮਿਥ ਲਿਆ ਹੈ।
10. ਨਾਟਕ 'ਦੁੱਖ ਦਰਿਆ' ਵਿਚਲੀ ਪਾਤਰ ਮਰੀਅਮ ਨਾਟਕ ਵਿਚ ਸ਼ਰੀਰਕ ਸ਼ੋਸ਼ਣ ਦੇ ਨਾਲ ਮਾਨਸ਼ਿਕ ਸ਼ੋਸ਼ਣ ਦੀ ਵੀ ਸ਼ਿਕਾਰ ਹੈ ਜਿਸ ਦਾ ਐਬੋਰਸ਼ਨ ਉਸ ਦੀ ਮਰਜੀ ਬਗੈਰ ਜੇਲ੍ਹ ਅਧਿਕਾਰੀਆਂ ਵੱਲੋਂ ਕਰਵਾ ਦਿਤਾ ਜਾਂਦਾ ਹੈ।
11. 'ਰਿਹਾਈ' ਨਾਟਕ ਇਹ ਤੱਥ ਉਜਾਗਰ ਕਰਦਾ ਹੈ ਕਿ ਪਾਕਿਸਤਾਨੀ ਸਮਾਜ ਵਿਚ ਇਸਲਾਮੀ ਕਾਨੂੰਨ ਅਧੀਨ ਔਰਤਾਂ ਤੇ ਘੱਟ ਗਿਣਤੀ ਫ਼ਿਰਕਿਆਂ ਨਾਲ ਵਿਤਕਰੇ ਭਰਿਆ ਵਿਹਾਰ ਕਰਿਆ ਜਾਂਦਾ ਹੈ। ਪੜੀਆਂ ਲਿਖੀਆਂ ਔਰਤਾਂ ਇਸ ਫਹਿਮ ਵਿਚ ਹਨ ਕਿ ਉਹਨਾਂ ਨੂੰ ਮਰਦਾਂ ਬਰਾਬਰ ਆਜ਼ਾਦੀ ਪ੍ਰਾਪਤ ਹੈ। ਪਰੰਤੂ ਜਦੋਂ ਨਾਟਕ ਵਿਚਲੀ ਸੂਝਵਾਨ ਪਾਤਰ ਜ਼ਹਿਦਾ ਜੇਲ੍ਹ ਵਿਚਲੀਆਂ ਤਿੰਨ ਔਰਤਾਂ ਜੀਨਤ, ਜਮੀਲਾ ਅਤੇ ਮਰੀਅਮ ਨਾਲ ਸਮਾਂ ਬਿਤਾਉਂਦੀ ਹੋਈ ਗੱਲਬਾਤ ਕਰਦੀ ਹੈ ਤਾਂ ਉਸ ਨੂੰ ਸਪਸ਼ਟ ਹੁੰਦਾ ਹੈ ਕਿ ਉਹ ਔਰਤ ਦਾ ਹੱਕਾਂ ਲਈ ਲੜਦੀ ਜ਼ਰੂਰ ਹੈ ਪਰਤੂੰ ਉਹ ਹਾਲੇ ਵੀ ਪਾਕਿਸਤਾਨ ਵਿਚਲੇ ਮਰਦ ਪ੍ਰਧਾਨ ਸਮਾਜ ਅਤੇ ਇਸਲਾਮੀ ਕਾਨੂੰਨ ਅਧੀਨ ਹੰਢਾ ਰਹੀ ਦਮਨਸ਼ੀਲ ਸਥਿਤੀ ਤੋਂ ਅਜੇ ਵੀ ਪੂਰੀ ਤਰਾਂ ਵਾਕਫ ਨਹੀਂ ਹੈ। ਜੋ ਮਾਲਕ ਦੇ ਘਰ ਚੋਰੀ ਕਰਕੇ ਹੈਰਾਨ ਹੈ। ਮਰੀਅਮ ਇਸਲਾਮੀ ਕਾਨੂੰਨ ਦੀ ਉਲੰਘਣਾ ਦੀ ਸਜਾ ਭੁਗਤ ਰਹੀ ਹੈ। ਜੋ ਇਸ ਕਰਕੇ ਕੈਦ ਵਿਚ ਹੈ ਕਿਉਂਕਿ ਉਹ ਚਿਰਾਗਾਂ ਦੇ ਮੇਲੇ ਤੇ ਸੁਦੈਣ ਹੋ ਕੇ ਨੱਚਦੀ ਹੈ ਤੇ ਇਸਲਾਮੀ ਸ਼ਰ੍ਹਾ ਅਨੁਸਾਰ ਜਨਾਨੀਆਂ

ਦਾ ਨੱਚਣਾ ਮਨ੍ਹਾਂ ਹੈ। ਬਾਬੇ ਦੀ ਸ਼ਿਕਾਇਤ ਕਰਕੇ ਸਜਾ ਤੇ ਭੁਗਤ ਹੀ ਰਹੀ ਸੀ ਪਰਤੂੰ ਜੇਲ੍ਹ ਵਿਚ ਵੀ ਉਹ ਮਰਦਾਂ ਦੀ ਬਦਨੀਅਤ ਦਾ ਸ਼ਿਕਾਰ ਹੋ ਜਾਂਦੀ ਹੈ ਅਤੇ ਉਸ ਨੂੰ ਇਹ ਨਹੀਂ ਪਤਾ ਕਿ ਉਸ ਦੇ ਗਰਭ ਵਿਚ ਬੱਚਾ ਕਿਸਦਾ ਹੈ।

12. ਪਾਕਿਸਤਾਨੀ ਪੰਜਾਬੀ ਨਾਟਕ ਦੇ ਹਵਾਲੇ ਨਾਲ ਔਰਤਾਂ ਨੇ ਕਦੇ ਵੀ ਆਪਣੇ - ਆਪ ਨੂੰ ਸੰਗਠਿਤ ਕਰਕੇ ਮਰਦਾਂ ਦੇ ਰੂ-ਬ-ਰੂ ਖੜੇ ਹੋਣ ਦਾ ਯਤਨ ਨਹੀਂ ਕੀਤਾ। ਬੇਸ਼ੱਕ ਵਰਤਮਾਨ ਸਮੇਂ ਵਿਚ ਔਰਤ ਬਹੁਤ ਹੀ ਪ੍ਰਗਤੀਸ਼ੀਲ ਭੂਮਿਕਾ ਨਿਭਾ ਰਹੀ ਹੈ ਪਰੰਤੂ ਫਿਰ ਵੀ ਇਕ ਲੜਕੀ ਨੂੰ ਜਨਮ ਦੇਣਾ ਪਾਪ ਹੀ ਸਮਝਿਆ ਜਾਂਦਾ ਹੈ।

## ਟਿਪਣੀਆਂ ਤੇ ਹਵਾਲੇ


1 ਹਰਦੀਪ ਸਿੰਘ (ਡਾ.), ਪਾਕਿਸਤਾਨੀ ਪੰਜਾਬੀ ਨਾਟਕ ਤੇ ਮੰਚ ਪਰੰਪਰਾ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ, 2014,ਪੰਨਾ 154

2 Beauvior, Simon Da, The Second Sex. P. 13, 29

3 Shabir. G.., Safdar, G.& Jamuil T., Banu s (2015 a). Mass Media, Communication ad Globalization With The perspective of 21st Century, New Media and Mass Communication 34,11-15

4 Gulbadan Begum Humayun-Nama, Tr. A.S. Beveridge, Delhi, 1972, P. 09

5 Jahangir, Tujke-i Jahangiri, vol. 01, Tr. H. Beveridge, Dehi, 1978, P. 01-02

6 Shahid A (2010) Silent Voice , untold stories: Women Domestic Coorkers in Pakistan and their struggle for empowerment (pp 124-125), Oxford University, Press

7 ਸੱਜਾਦ ਹੈਦਰ , ਲੁਟਿਆ ਹਾਥੀ ਲੱਖ ਦਾ (ਨਾਟਕ ) ਚੋਣਵੇਂ ਪਾਕਿਸਤਾਨੀ ਪੰਜਾਬੀ ਨਾਟਕ, (ਸਤੀਸ਼ ਕੁਮਾਰ ਵਰਮਾ, ਨਸੀਬ ਸਿੰਘ ਬਵੇਜਾ), ਪੰਨਾ 09

8 ਇਨਾਮ-ਉਲ-ਹੱਕ ਜਾਵੇਦ(ਡਾ.), ਪੰਜਾਬੀ ਅਦਬ ਦਾ ਇਰਤਕਾ, ਅਜ਼ੀਜ਼ ਬੁੱਕ ਡੀਪੂ, ਲਾਹੌਰ, 2004, ਪੰਨਾ, 333,334

9 ਡਾ. ਕਰਨੈਲ ਸਿੰਘ ਥਿੰਦ, ਪਾਕਿਸਤਾਨੀ ਪੰਜਾਬੀ ਸਾਹਿਤ ਦਾ ਸੰਖੇਪ ਜਾਇਜਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ ਨੰ 125

10 ਸ਼ਾਹਿਦ ਨਦੀਮ, ਖਸਮਾਂਖਾਣੀਆਂ, (ਨਾਟਕ ਲਿਪੀਅਾਂਤਰ: ਅਰਵਿੰਦਰ ਕੌਰ ਧਾਲੀਵਾਲ), ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1998, ਪੰਨਾ 23

11 ਸ਼ਾਹਿਦ ਨਦੀਮ, ਚੁੱਲ੍ਹਾ (ਨਾਟਕ), ਉਹੀ, ਪੰਨਾ 84-85

12 ਉਹੀ, ਰਿਹਾਈ,ਪੰਨਾ 85

13 ਸ਼ਾਹਿਦ ਨਦੀਮ, 'ਥੱਪੜ', ਉਹੀ, ਪੰਨਾ 151

14 ਸ਼ਾਹਿਦ ਨਦੀਮ, 'ਧੀ ਰਾਣੀ' ਉਹੀ, 1998, ਪੰਨਾ 119

15 ਸ਼ਾਹਿਦ ਨਦੀਮ, 'ਸ਼ਰਮ ਦੀ ਗੱਲ', ਉਹੀ, ਪੰਨਾ 130

16 ਸ਼ਾਹਿਦ ਨਦੀਮ. ਇਕ ਸੀ ਨਾਨੀ (ਨਾਟਕ), ਤੀਸਰੀ ਦਸਤਕ,(ਨਾਟ-ਸੰਗ੍ਰਹਿ), (ਅਨੁ.) ਅਰਵਿੰਦਰ ਕੌਰ ਧਾਲੀਵਾਲ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2004, ਪੰਨਾ 71

17 ਸ਼ਾਹਿਦ ਨਦੀਮ, ਤੀਸਰੀ ਦਸਤਕ, (ਲਿਪਾਂ)ਅਰਵਿੰਦਰ ਕੌਰ ਧਾਲੀਵਾਲ,ਚੇਤਨਾ ਪ੍ਰਕਾਸ਼ਨ ਲੁਧਿਆਣਾ, 2004, ਪੰਨਾ 34

18 ਸ਼ਾਹਿਦ ਨਦੀਮ, 'ਮੈਨੂੰ ਕਾਰੀ ਕਰੇਂਦੇ', (ਦੁੱਖ ਦਰਿਆ), (ਅਨੁ.), ਅਰਵਿੰਦਰ ਕੌਰ ਧਾਲੀਵਾਲ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009, ਪੰਨਾ 75

19 ਓਹੀ, ਪੰਨਾ 80

20 ਓਹੀ, ਪੰਨਾ 112

21 ਮੇਜਰ ਇਸਹਾਕ ਮੁਹੰਮਦ, ਮੁਸੱਲੀ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1984, ਪੰਨਾ 31